ਆਬਜੈੱਕਟ ਓਰੀਐਂਟਡ ਪ੍ਰੋਗਰਾਮਿੰਗ ਇੰਨ ਸੀ++

(ਬਾਰ੍ਹਵੀਂ ਸ਼੍ਰੇਣੀ ਲਈ ਪਾਠ-ਪੁਸਤਕ)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਸੰਪਾਦਕੀ ਕਮੇਟੀ

ਸ੍ਰੀਮਤੀ ਪੂਜਾ ਅਰੋੜਾ, ਸਰਕਾਰੀ ਸੀਨੀਅਰ ਸਕੈਡਰੀ ਸਕੂਲ, ਸਹੌੜਾ (ਐਸ.ਏ.ਐਸ.ਨਗਰ)

ਸ੍ਰੀਮਤੀ ਸੁਖਵਿੰਦਰ ਕੌਰ, ਸਰਕਾਰੀ ਸੀਨੀਅਰ ਸਕੈਡਰੀ ਸਕੂਲ, ਸਹੌੜਾ (ਐਸ.ਏ.ਐਸ.ਨਗਰ)

ਪੁਨਰ ਮੁਲਾਂਕਣ ਅਤੇ ਤਸਦੀਕ ਕਰਤਾ

ਸ੍ਰੀ ਗਗਨਦੀਪ ਸਿੰਘ, ਸਰਕਾਰੀ ਮਾਡਲ ਸੀਨੀਅਰ ਸਕੈਡਰੀ ਸਕੂਲ, 3 ਬੀ 1, ਐਸ.ਏ.ਐਸ.ਨਗਰ

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਦੇ ਜਿਲਦ-ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ.7 ਅਨੁਸਾਰ)

2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫੌਜਦਾਰੀ ਜੁਰਮ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ-8 ਸਾਹਿਬਜਾਦਾ ਅਜੀਤ ਸਿੰਘ ਨਗਰ- 16●●62 ਰਾਹੀਂ ਪ੍ਰਕਾਸ਼ਿਤ ।

ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ, ਰਾਜ ਦੀ ਸਕੂਲ-ਸਿੱਖਿਆ ਨੂੰ ਸਮੇਂ ਦੀਆਂ ਲੋੜਾਂ ਤੇ ਵੰਗਾਰਾਂ ਦੇ ਪ੍ਰਸੰਗ ਵਿੱਚ ਢਾਲਣ ਤੇ ਨਵਿਆਉਣ ਲਈ ਨਿਰੰਤਰ ਯਤਨਸ਼ੀਲ ਹੈ।

ਅਸੀਂ ਇਤਿਹਾਸ ਦੇ ਉਸ ਕਾਲ-ਖੰਡ ਵਿੱਚੋਂ ਗੁਜ਼ਰ ਰਹੇ ਹਾਂ ਜਿੱਥੇ ਤੇਜ਼ੀ ਨਾ੧ ਪਰਿਵਰਤਨ ਵਾਪਰ ਰਹੇ ਹਨ। ਵਿਕਾਸ ਦੀ ਤੋਰ ਤਿਖੇਰੀ ਹੈ। ਇਸ ਵਿਕਸਤ ਸੰਸਾਰ ਨਾ੧ ਇਕਸੁਰ ਹੋਣ ਲਈ, ਜਿੱਥੇ ਗਿਆਨ ਦੀਆਂ ਤੰਦਾ ਵਿਸਤਰਿਤ ਹੋ ਗਈਆਂ ਹਨ, ਸੂਚਨਾ ਤਕਨਾ੧ਜੀ ਤੇ ਕੰਪਿਊਟਰ-ਸਿੱਖਿਆ ਨੂੰ ਸਿੱਖਿਆ ਦਾ ਅਹਿਮ ਅੰਗ ਬਣਾਉਣਾ ਜ਼ਰੂਰੀ ਹੋ ਗਿਆ ਹੈ।

ਇਸੇ ਮਨੋਰਥ ਨਾ੧ ਕੰਪਿਊਟਰ-ਤਕਨੀਕ ਦੀ ਸਿਖਲਾਈ ਹਿੱਤ ਇਹ ਪਾਠ-ਪੁਸਕਤ ਤਿਆਰ ਕੀਤੀ ਗਈ ਹੈ ਤੇ ਇਸ ਨੂੰ ਕੰਪਿਊਟਰ ਦੀ ਵੈੱਬਸਾਈਟ 'ਤੇ ਉਪਲੱਭਧ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ। ਨਿਸ਼ਚੇ ਹੀ ਇਹ ਸੁਵਿਧਾ ਕੰਪਿਊਟਰ ਸਾਇੰਸ, ਵੋਕੇਸ਼ਨਲ ਗਰੁੱਪ ਦੇ ਵਿਦਿਆਰਥੀਆਂ ਲਈ ਲਾਹੇਵੰਦ ਤੇ ਰੋਚਕ ਸਾਬਿਤ ਹੋਵੇਗੀ।

ਇਹ ਪਾਠ-ਸਮੱਗਰੀ ਕੰਪਿਊਟਰ ਸਿੱਖਿਆ ਦੇ ਵਿਦਵਾਨਾਂ, ਤਜਰਬੇਕਾਰ ਅਧਿਆਪਕਾਂ ਅਤੇ ਸਿੱਖਿਆ ਬੋਰਡ ਦੇ ਵਿਸ਼ਾ-ਮਾਹਿਰਾਂ ਦੇ ਸਾਂਝੇ ਉੱਦਮ ਸਦਕਾ ਤਿਆਰ ਕੀਤੀ ਗਈ ਹੈ। ਇਸ ਲਈ ਖੇਤਰ ਦੇ ਵਿਦਵਾਨ ਤੇ ਸਹਿਯੋਗੀ ਅਧਿਆਪਕ ਸਾਡੇ ਧੰਨਵਾਦ ਦੇ ਪਾਤਰ ਹਨ। ਇਸ ਨੂੰ ਹੋਰ ਬਿਹਤਰ, ਹੋਰ ਉਪਯੋਗੀ ਤੇ ਹੋਰ ਸੰਚਾਰਮਈ ਬਣਾਉਣ ਲਈ ਖੇਤਰ ਵਿੱਚੋਂ ਆਏ ਮੁੱਲਵਾਨ ਸੁਝਾਵਾਂ ਦਾ ਸਦਾ ਸਵਾਗਤ ਹੈ।

ਚੇਅਰਪਰਸਨ

ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ ਸੂਚੀ

ਪਾਠ 1

OOP ਕਾਨਸੈਪਟ

ਇਸ ਪਾਠ ਵਿਚ ਅਸੀਂ ਸਾਫਟਵੇਅਰ ਕੁਆਲਿਟੀ ਫੈਕਟਰਜ਼ (ਇੰਟਰਨਲ ਅਤੇ ਐਕਸਟਰਨਲ) ,ਜੇਨਰੀਸਿਟੀ (Genercity) ਅਤੇ ਓਵਰਲੋਡਿੰਗ (Overloading), ਆਬਜੈੱਕਟ ਓਰੀਐਂਟਿਡ ਫਿਲਾਸਫੀ, ਆਬਜੈੱਕਟ ਓਰੀਐਂਟਿਡ ਡਿਜ਼ਾਇਨ ਅਤੇ ਟੱਪ-ਡਾਊਨ (Top Down) ਡਿਜ਼ਾਈਨ ਬਾਰੇ ਜਾਣਾਗੇ।

1.1 ਸਾਫਟਵੇਅਰ ਕੁਆਲਿਟੀ ਫੈਕਟਰਜ਼

ਆਬਜੈੱਕਟ ਓਰੀਐਂਟਿਡ ਤਕਨੀਕ ਦੇ ਨਾਲ ਅਸੀਂ ਸਾਫਟਵੇਅਰ ਕੁਆਲਿਟੀ ਫੈਕਟਰਜ਼ (ਬਾਹਰੀ ਅਤੇ ਅੰਦਰੂਨੀ) ਤੇ ਜ਼ੋਰ ਪਾ ਸਕਦੇ ਹਾਂ।

1.1.1 **ਬਾਹਰੀ ਫੈਕਟਰਸ**—— ਇਹ ਸਿਰਫ ਐਂਡ-ਯੂਜ਼ਰ ਨੂੰ ਦਿਖਾਈ ਦਿੰਦੇ ਹਨ ਜਿਵੇਂ ਕਿ

* Correctness
* Robustness
* Extendibility
* Reusability
* Compatibility
* Efficiency
* Portability
* Ease of Use
* Functionality

1.1.2 **ਅੰਦਰੂਨੀ ਫੈਕਟਰਸ**—— ਇਹ ਸਿਰਫ ਸਾਫਟਵੇਅਰ ਬਣਾਉਣ ਵਾਲੇ ਨੂੰ ਦਿਖਾਈ ਦਿੰਦੇ ਹਨ ਜਿਵੇਂ ਕਿ

* Modularity
* Flexibility
* Reusability

ਅੰਦਰੂਨੀ ਤੱਤ, ਸਿਰਫ਼ ਕੰਪਿਊਟਰ ਦੇ ਮਾਹਰ ਹੀ ਰਿਸੀਵ ਕਰਦੇ ਹਨ। ਬਾਹਰੀ ਤੱਤ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ। ਨਿਰਸੰਦੇਹ ਇਹ ਯੂਜਰ ਨੂੰ ਦਿਖਾਈ ਦਿੰਦੇ ਹਨ ਪਰ ਫਿਰ ਵੀ ਬਾਹਰੀ ਤੱਤ ਅੰਦਰੂਨੀ ਕੁਆਲਿਟੀ ਤੱਤਾਂ ਤੇ ਨਿਰਭਰ ਹੁੰਦੇ ਹਨ।

1.2 ਮੇਜਰ ਐਕਸਟਰਨਲ ਫੈਕਟਰਸ (ਮੁੱਖ ਬਾਹਰੀ ਤੱਤ)

1.2.1 **Correctness.** Correctness ਸਾਫਟਵੇਅਰ ਦੀ ਉਹ ਸਮਰੱਥਾ ਹੈ ਜਿਸ ਦੇ ਵਿਚ ਸਾਫਟਵੇਅਰ ਦਿੱਤੀ ਹੋਈ ਪਰਿਭਾਸ਼ਾ ਦੇ ਅਨੁਸਾਰ ਕੰਮ ਕਰਦਾ ਹੈ।

* Correctness ਪਾਉਣ ਲਈ ਇਕ ਨਿਸ਼ਚਿਤ ਪਰਿਭਾਸ਼ਾ ਹੋਣੀ ਜ਼ਰੂਰੀ ਹੈ।
* Correctness ਸ਼ਰਤੀਆ ਹੁੰਦੀ ਹੈ। ਜੇਕਰ ਹੇਠਲੀ ਲੇਅਰ ਠੀਕ ਹੋਵੇ, ਜਿਸ ਦਾ ਅਰਥ ਹੈ ਕਿ ਜੇਕਰ ਸ਼ੁਰੂਆਤ ਵਿਚ ਹੀ ਸਾਫਟਵੇਅਰ ਦਿੱਤੀ ਹੋਈ ਪਰਿਭਾਸ਼ਾ ਦੇ ਅਨੁਸਾਰ ਬਣਨਾ ਸ਼ੁਰੂ ਹੋਵੇ ਤਾਂ ਅਖ਼ੀਰ ਵਿਚ Correctness ਜ਼ਰੂਰ ਪ੍ਰਾਪਤ ਹੋ ਜਾਂਦੀ ਹੈ।

1.2.2 **Robustness.** Robustness ਸਾਫਟਵੇਅਰ ਸਿਸਟਮ ਦੀ ਉਹ ਸਮਰਥਾ ਹੈ ਜਿਸ ਦੇ ਅਨੁਸਾਰ ਸਾਫਟਵੇਅਰ ਸਿਸਟਮ ਅਸਾਧਾਰਨ (abnormal) ਹਾਲਾਤਾਂ ਵਿਚ ਵੀ ਕੰਮ ਕਰ ਸਕੇ, Robustness ਦੱਸਦੀ ਹੈ ਕਿ ਪਰਿਭਾਸ਼ਾ ਦੇ ਬਾਹਰ ਕੀ ਹੋ ਰਿਹਾ ਹੈ।

1.2.3 **Extendibility.** ਇਹ ਸਾਫਟਵੇਅਰ ਸਿਸਟਮ ਦੀ ਉਹ ਵਿਸ਼ੇਸ਼ਤਾ ਹੈ ਜਿਸ ਦੇ ਅਨੁਸਾਰ ਸਾਫਟਵੇਅਰ ਬਦਲਾਵ ਨੂੰ ਅਸਾਨੀ ਨਾਲ ਧਾਰਨ ਕਰ ਲੈਂਦਾ ਹੈ।

1.2.4 **Reusability.** ਇਹ ਸਾਫਟਵੇਅਰ ਐਲੀਮੈਂਟਸ ਦੀ ਉਹ ਸਮਰਥਾ ਹੈ ਜਿਸ ਦੇ ਅਨੁਸਾਰ ਇਕ ਪ੍ਰੋਗਰਾਮ ਦੇ ਸਾਫਟਵੇਅਰ ਐਲੀਮੈਂਟਸ ਨੂੰ ਅਲਗ-ਅਲਗ ਸਾਫਟਵੇਅਰ ਐਪਲੀਕੇਸ਼ਨਾਂ ਬਣਾਉਣ ਲਈ ਵਰਤਿਆ ਜਾ ਸਕਦਾ ਹੈ।

1.2.5 **Compatibility.** ਇਸ ਵਿਚ ਸਾਫਟਵੇਅਰ ਐਲੀਮੇਂਟਸ ਨੂੰ ਅਸਾਨੀ ਨਾਲ ਹੋਰ ਐਲੀਮੇਂਟਸ ਨਾਲ ਜੋੜਿਆ ਜਾ ਸਕਦਾ ਹੈ।

1.2.6 **Portability.** ਇਸ ਵਿਚ ਸਾਫਟਵੇਅਰ ਨੂੰ ਅਸਾਨੀ ਨਾਲ ਅਲਗ-ਅਲਗ ਸਾਫਟਵੇਅਰ ਅਤੇ ਹਾਰਡਵੇਅਰ ਵਾਤਾਵਰਣ ਵਿੱਚ ਵਰਤਿਆ ਜਾ ਸਕਦਾ ਹੈ।

1.2.7 **Efficiency.** ਇਹ ਸਾਫਟਵੇਅਰ ਸਿਸਟਮ ਦੀ ਉਹ ਸਮਰੱਥਾ ਹੈ ਜਿਸ ਦੇ ਅਨੁਸਾਰ ਸਾਫਟਵੇਅਰ ਸਿਸਟਮ ਅਲਗ-ਅਲਗ ਹਾਰਡਵੇਅਰ ਰਿਸੋਰਸਾਂ 'ਤੇ ਬਹੁਤ ਹੀ ਘੱਟ ਬਦਲਾਵ ਦੀ ਮੰਗ ਕਰਦਾ ਹੋਇਆ ਕੰਮ ਕਰ ਸਕਦਾ ਹੈ।

1.2.8 **Ease of Use.** ਇਹ ਸਾਫਟਵੇਅਰ ਸਿਸਟਮ ਦਾ ਉਹ ਗੁਣ ਹੈ ਜਿਸ ਨਾਲ ਯੂਜ਼ਰ ਆਸਾਨੀ ਨਾਲ ਸਾਫਟਵੇਅਰ ਨੂੰ ਵਰਤਣਾ ਸਿੱਖਦੇ ਹਨ ਅਤੇ ਇਨ੍ਹਾਂ ਸਾਫਟਵੇਅਰਸ ਨੂੰ ਸਮੱਸਿਆਵਾਂ ਦਾ ਹੱਲ ਲੱਭਣ ਲਈ ਵਰਤਦੇ ਹਨ।

1.3 ਮੇਜਰ ਇੰਟਰਨਲ ਫੈਕਟਰਸ (ਮੁੱਖ ਅੰਦਰੂਨੀ ਤੱਤ)

1.3.1 ਮਾਡੂਲੈਰਿਟੀ (Modularity)

ਮਾਡੂਲੈਰਿਟੀ ਵਿਚ ਪ੍ਰੋਗਰਾਮ ਨੂੰ ਛੋਟੇ ਛੋਟੇ ਯੂਨਿਟ ਜਾਂ ਮਾਡਿਊਲਜ਼ ਵਿਚ ਵੰਡਿਆ ਜਾਂਦਾ ਹੈ ਜਿਵੇਂ ਕਿ C ਵਿਚ ਫੰਕਸ਼ਨਜ਼ ਬਣਾਉਣ ਲਈ ਵਰਤਿਆ ਜਾਂਦਾ ਹੈ। ਮਾਡਿਊਲਜ਼ ਵਿਚ ਵੰਡ ਕੇ ਅਸੀਂ ਇਕ ਵੱਡੇ ਪ੍ਰੋਗਰਾਮ ਨੂੰ ਅਸਾਨੀ ਨਾਲ ਲਿਖ ਸਕਦੇ ਹਾਂ ਤੇ ਕਿਸੇ ਗੁੰਝਲਦਾਰ ਸਮੱਸਿਆ ਦਾ ਹੱਲ ਵੀ ਅਸਾਨੀ ਨਾਲ ਲਿਖ ਸਕਦੇ ਹਾਂ। ਇਹ ਸਾਡੇ ਇਕ ਲੰਬੇ ਪ੍ਰੋਗਰਾਮ ਨੂੰ ਸੋਹਣੀ ਅਤੇ ਅਸਾਨ ਦਿੱਖ ਵੀ ਦਿੰਦਾ ਹੈ। ਅਸਲ ਵਿਚ ਮਾਡੂਲੈਰਿਟੀ ਦਾ ਮੁੱਖ ਲਾਭ "ਦੁਬਾਰਾ ਵਰਤਣਾ" (Reusability) ਹੈ। ਜਦੋਂ ਅਸੀਂ ਇਕ ਗੁੰਝਲਦਾਰ ਪ੍ਰੋਗਰਾਮ ਨੂੰ ਅਲਗ-ਅਲਗ ਮਾਡਿਊਲਜ਼ ਵਿਚ ਵੰਡ ਦਿੰਦੇ ਹਾਂ ਤਾਂ ਅਸੀਂ ਇਨ੍ਹਾਂ ਮਾਡਿਊਲਜ਼ ਨੂੰ ਕਈ ਤਰੀਕਿਆਂ ਨਾਲ ਵਰਤ ਸਕਦੇ ਹਾਂ। ਕਿਸੇ ਹੋਰ ਪ੍ਰੋਗਰਾਮ ਵਿਚ ਜਦੋਂ ਸਾਨੂੰ ਉਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਅਸੀਂ ਇਨ੍ਹਾਂ ਮਾਡਿਊਲਜ਼ ਦੀ ਵਰਤੋਂ ਉਸ ਪ੍ਰੋਗਰਾਮ ਵਿਚ ਵੀ ਕਰ ਸਕਦੇ ਹਾਂ।

1.3.2 Reusability

ਇਸ ਵਿਚ ਬਹੁਤ ਸਾਰੇ ਪ੍ਰੋਗਰਾਮਰ ਇਕੋ ਲਿਖਤੀ ਕਲਾਸ ਆਫ਼ ਡਾਟਾ ਨੂੰ ਵਰਤ ਸਕਦੇ ਹਨ। ਇਹ ਇਕ ਸਮਾਂ ਬਚਾਉਣ ਦੀ ਵਧੀਆ ਤਕਨੀਕ ਹੈ। ਇਸ ਦੇ ਨਾਲ ਹੀ ਇਕ ਪ੍ਰੋਗਰਾਮਰ ਮੌਜੂਦਾ ਕਲਾਸ ਵਿਚ ਹੋਰ ਵਿਸ਼ੇਸ਼ਤਾਵਾਂ ਵੀ ਪਾ ਸਕਦਾ ਹੈ। (ਲੋੜ ਮੁਤਾਬਿਕ)

1.4 ਜੈਨਰੀਸਿਟੀ ਅਤੇ ਓਵਰਲੋਡਿੰਗ (Genericity and Overloading)

ਜੈਨਰੀਸਿਟੀ:- ਜੈਨਰੀਸਿਟੀ ਆਬਜੈੱਕਟ ਓਰੀਐਂਟਿਡ ਪ੍ਰੋਗਰਾਮਿੰਗ ਦਾ ਇਕ ਮੁੱਖ ਮੰਤਵ ਹੈ। ਜੈਨਰਿਕ ਪ੍ਰੋਗਰਾਮ ਇਕ ਵਾਰ ਹੀ ਲਿਖੇ ਤੇ ਕੰਪਾਇਲ ਕੀਤੇ ਜਾਂਦੇ ਹਨ ਪਰ ਅਲਗ-ਅਲਗ ਡਾਟਾ ਟਾਈਪਸ ਦੇ ਨਾਲ ਵਰਤੇ ਜਾ ਸਕਦੇ ਹਨ। ਅਸੀਂ ਜੈਨਰੀਸਿਟੀ ਬਾਰੇ ਹੋਰ ਜਾਣਕਾਰੀ ਪਾਠ-7 ਵਿਚ ਹਾਸਿਲ ਕਰਾਂਗੇ।

ਓਵਰਲੋਡਿੰਗ:- ਜੇਕਰ ਅਸੀਂ ਇਕ ਫੰਕਸ਼ਨ ਨਾਮ ਦੀਆਂ ਇਕ ਤੋਂ ਜ਼ਿਆਦਾ ਪਰਿਭਾਸ਼ਾਵਾਂ ਦੱਸਦੇ ਹਾਂ ਜਾਂ ਫਿਰ ਇਕ ਆਪਰੇਟਰ ਦੀਆਂ ਇਕ ਤੋਂ ਜ਼ਿਆਦਾ ਪਰਿਭਾਸ਼ਾਵਾਂ ਦੱਸਦੇ ਹਾਂ ਤਾਂ ਅਸੀਂ ਓਪਰੇਟਰ ਓਵਰਲੋਡਿੰਗ ਜਾਂ ਫੰਕਸ਼ਨ ਓਵਰਲੋਡਿੰਗ ਕਰਦੇ ਹਾਂ। ਓਵਰਲੋਡਿੰਗ ਬਾਰੇ ਅਸੀਂ ਅਗਲੇ ਪਾਠਾਂ ਵਿਚ ਵਿਸਥਾਰ ਨਾਲ ਪੜ੍ਹਾਂਗੇ।

1.5 ਆਬਜੈੱਕਟ ਓਰੀਐਂਟਿਡ ਪ੍ਰੋਗਰਾਮਿੰਗ ਫਿਲਾਸਫੀ

ਫਿਲਾਸਫੀ ਦਾ ਮਤਲਬ ਹੈ ਕਿਸੇ ਚੀਜ਼ ਬਾਰੇ ਡੂੰਘੀ ਸਮਝ ਜਾਂ ਜਾਣਕਾਰੀ।

OOP (ਆਬਜੈੱਕਟ ਓਰੀਐਂਟਿਡ ਪ੍ਰੋਗਰਾਮਿੰਗ) ਨੂੰ ਸਮਝਣਾ: OOP ਦਾ ਕੀ ਮਤਲਬ ਹੈ ?

ਅਸੀਂ ਇਸ ਦਾ ਪੂਰਾ ਨਾਂ ਜਾਣਦੇ ਹਾਂ ਪਰ ਅਸਲ ਵਿਚ ਇਹ ਹੈ ਕੀ ?ਇਹ ਇਕ ਪ੍ਰੋਗਰਾਮਿੰਗ ਸਟਾਈਲ ਹੈ ਜਿਸ ਦੀ ਸੋਚ ਅਸਲ ਦੁਨੀਆਂ ਦੇ ਆਬਜੈਕਟ ਉੱਤੇ ਆਧਾਰਿਤ ਹੈ। ਇਹੀ ਕਾਰਨ ਹੈ ਕਿ ਇਸ ਦਾ OOP ਨਾਮ ਪਿਆ। ਸਾਧਾਰਨ ਤੌਰ ਤੇ ਜਦੋਂ ਅਸੀਂ ਪ੍ਰੋਗਰਾਮਿੰਗ ਬਾਰੇ ਸੋਚਦੇ ਹਾਂ ਤਾਂ ਅਸੀਂ ਪ੍ਰੋਗਰਾਮ ਦੀ ਫੰਕਸ਼ਨੇਲਟੀ (ਕੰਮ) ਬਾਰੇ ਸੋਚਦੇ ਹਾਂ। ਜਿਵੇਂ ਕਿ ਇਹ ਪ੍ਰੋਗਰਾਮ ਵਿਦਿਆਰਥੀਆਂ ਦੀ ਡਿਗਰੀ (Degree) ਕੈਲਕੁਲੇਟ ਕਰਦਾ ਹੈ। ਇਸ ਤਰ੍ਹਾਂ ਅਸੀਂ ਪ੍ਰੋਗਰਾਮ ਨੂੰ ਉਸਦੇ ਕੰਮ ਦੇ ਅਨੁਸਾਰ ਵੰਡ ਦਿੰਦੇ ਹਾਂ। ਅਸੀਂ ਵਿਦਿਆਰਥੀਆਂ ਦੇ ਨੰਬਰ ਪ੍ਰਾਪਤ ਕਰਨ ਲਈ ਵੀ ਇਕ ਫੰਕਸ਼ਨ ਬਣਾ ਸਕਦੇ ਹਾਂ, ਫਿਰ ਅਸੀਂ ਉਨ੍ਹਾਂ ਦੇ ਫਾਈਨਲ ਨੰਬਰ ਜੋੜਨ ਲਈ ਇਕ ਪ੍ਰੋਗਰਾਮ ਬਣਾ ਸਕਦੇ ਹਾਂ, ਫਿਰ ਵਿਦਿਆਰਥੀਆਂ ਦੇ ਗਰੇਡ ਪ੍ਰਾਪਤ ਕਰਨ ਲਈ ਇਕ ਪ੍ਰੋਗਰਾਮ ਬਣਾ ਸਕਦੇ ਹਾਂ ਤੇ ਇਸੀ ਤਰ੍ਹਾਂ ਇਹ ਪ੍ਰਕ੍ਰਿਆ ਚਲਦੀ ਰਹੇਗੀ। ਇਸ ਤਰ੍ਹਾਂ ਦੀ ਆਦਤ ਸਾਡੇ ਦਿਮਾਗ਼ ਤੇ ਅਸਰ ਪਾਉਂਦੀ ਹੈ ਤੇ ਅਸੀਂ ਹੋਰ ਕਿਸੇ ਚੀਜ਼ ਬਾਰੇ ਨਹੀਂ ਸੋਚ ਸਕਦੇ। ਇਸ ਤਰ੍ਹਾਂ ਦੇ ਲੱਛਣ Procedural Programmes ਵਿਚ ਪਾਏ ਜਾਂਦੇ ਹਨ ਜਿਵੇਂ ਕਿ Pascal / C Programmers.

ਹੁਣ ਅਸੀਂ ਜਾਣਾਂਗੇ ਕਿ ਆਬਜੈੱਕਟ ਓਰੀਐਂਟਿਡ ਫਿਲਾਸਫੀ ਕਿਵੇਂ ਕੰਮ ਕਰਦੀ ਹੈ ?ਸਭ ਤੋਂ ਪਹਿਲਾਂ ਅਸੀਂ ਪ੍ਰੋਗਰਾਮ ਦੇ ਉਦੇਸ਼ (Objective) ਬਾਰੇ ਫੈਸਲਾ ਕਰਦੇ ਹਾਂ। ਪ੍ਰੋਗਰਾਮ ਤੋਂ ਅਸੀਂ ਕੀ ਹਾਸਿਲ ਕਰਨਾ ਚਾਹੁੰਦੇ ਹਾਂ ਇਹ ਪਤਾ ਲਗਾਉਂਦੇ ਹਾਂ। ਅਸੀਂ ਆਪਣੀ ਸੋਚ ਆਬਜੈਕਟ ਤੇ ਆਧਾਰਿਤ ਰੱਖਦੇ ਹਾਂ ਨਾ ਕਿ ਫੰਕਸ਼ਨੈਲਟੀ 'ਤੇ।



Typical Structure of Procedure-Oriented Programs

OOP ਡਾਟਾ ਨੂੰ ਪ੍ਰੋਗਰਾਮ ਡੇਵਲਪਮੈਂਟ ਦੇ ਇਕ Critical Elements ਦੇ ਰੂਪ ਵਿਚ ਲੈਂਦਾ ਹੈ ਤੇ ਇਸ ਨੂੰ ਸਿਸਟਮ ਵਿਚ ਕਿਧਰੇ ਵੀ ਆਜ਼ਾਦੀ ਨਾਲ ਘੁੰਮਣ ਦੀ ਆਗਿਆ ਨਹੀਂ ਦਿੰਦਾ। OOP ਸਾਨੂੰ ਆਗਿਆ ਦਿੰਦਾ ਹੈ ਕਿ ਅਸੀਂ ਪ੍ਰੋਗਰਾਮ ਨੂੰ ਕਈ Entities, ਜਿਨ੍ਹਾਂ ਨੂੰ ਆਬਜੈੱਕਟ ਕਿਹਾ ਜਾਂਦਾ ਹੈ, ਵਿਚ ਵੰਡ ਦਿੰਦੇ ਹਾਂ ਤੇ ਫਿਰ ਡਾਟਾ ਤੇ ਫੰਕਸ਼ਨ ਇਨ੍ਹਾਂ ਆਬਜੈੱਕਟ ਸ ਨੂੰ ਮੁੱਖ ਰੱਖਦੇ ਹੋਏ ਬਣਾਂਦੇ ਹਾਂ। ਆਬਜੈੱਕਟ ਓਰੀਐਂਟਿਡ ਪ੍ਰੋਗਰਾਮ ਵਿਚ ਡਾਟਾ ਤੇ ਫੰਕਸ਼ਨ ਦਾ ਪ੍ਰਬੰਧ ਹੇਠ ਲਿਖੇ ਚਿੱਤਰ ਵਿਚ ਦਿਖਾਇਆ ਗਿਆ ਹੈ।



Organization of Data and Function in OOP

1.6 ਬੇਸਿਕ ਕਾਨਸੈਪਟ (Concept) ਆਫ OOP

OOP ਵਿਚ ਹੇਠਾਂ ਲਿਖੇ Concepts ਸ਼ਾਮਿਲ ਹਨ——

1. ਆਬਜੈੱਕਟਸ (Objects)
2. ਕਲਾਸਾਂ (classes)
3. ਡਾਟਾ ਐਬਸਟਰੈਕਸ਼ਨ ਤੇ ਐਨਕੇਪਸੂਲੇਸ਼ਨ (Data Abstraction and Encapsulation)
4. ਇਨਹੈਰੀਟੈਂਸ (Inheritance)
5. ਪੋਲੀਮੋਰਫਿਜਮ (Polymorphism)
6. ਡਾਈਨਾਮਿਕ ਬਾਈਂਡਿੰਗ (Dynamic Binding)
7. ਮੈਸੇਜ ਪਾਸਿੰਗ (Message Passing)

ਇਨ੍ਹਾਂ ਕਾਨਸੈਪਟ ਬਾਰੇ ਅਸੀਂ ਅਗਲੇ ਪਾਠਾਂ ਵਿਚ ਵਿਸਥਾਰ ਨਾਲ ਜਾਣਾਂਗੇ।

1.7 ਟਾਪ ਡਾਊਨ ਡਿਜ਼ਾਈਨ ਤੇ ਫੰਕਸ਼ਨਲ ਡਿਕੰਪੋਜੀਸ਼ਨ (Top-Down Design and Functional Decomposition)

1 ਇਕ ਸਮੱਸਿਆ (Problem) ਨੂੰ ਹਾਈ- ਲੈਵਲ ਸਬ-ਸਮੱਸਿਆਵਾਂ (Sub-problems) ਵਿਚ ਦਿਖਾਉ।

2 ਹਰ ਇਕ ਹਾਈ ਲੈਵਲ Sub-problem ਲਈ।

2.1 ਇਸ ਨੂੰ ਥੋੜ੍ਹੀ ਜਿਹੀ ਹੋਰ ਅਸਾਨ ਸਬ-ਸਮੱਸਿਆ (Sub-problem) ਵਿਚ ਦਿਖਾਉ।

3 ਇਹ ਪ੍ਰਕ੍ਰਿਆ ਉਸ ਸਮੇਂ ਤੱਕ ਚਲਦੀ ਰਹਿਦੀ ਚਾਹੀਦੀ ਹੈ ਜਦ ਤੱਕ ਕਿ ਸਾਰੀਆਂ Sub-problems ਪ੍ਰੋਗਰਾਮਿੰਗ ਸਟੇਟਮੈਂਟ ਵਿਚ ਨਾ ਬਦਲ ਜਾਣ। ਨੋਟ—— ਹਰ ਸਬ-ਟਾਸਕ (Sub-task) ਇਕ ਸਬ-ਪ੍ਰੋਗਰਾਮ (Sub-program) ਬਣ ਜਾਂਦਾ ਹੈ।



ਯਾਦ ਰੱਖਣ ਯੋਗ ਗੱਲਾਂ (Points to be Remember) :

1. ਸਾਫਟਵੇਅਰ ਕੁਆਲਿਟੀ ਫੈਕਟਰਜ਼ ਦੋ ਤਰ੍ਹਾਂ ਦੇ ਹੁੰਦੇ ਹਨ——ਬਾਹਰੀ ਤੇ ਅੰਦਰੂਨੀ।
2. ਬਾਹਰੀ ਫੈਕਟਰਜ਼ ਸਿਰਫ਼ ਐਂਡ ਯੂਜਰ ਨੂੰ ਦਿਖਾਈ ਦਿੰਦੇ ਹਨ।
3. ਅੰਦਰੂਨੀ ਫੈਕਟਰਜ਼ ਸਿਰਫ਼ ਸਾਫਟਵੇਅਰ ਬਣਾਉਣ ਵਾਲੇ ਨੂੰ ਦਿਖਾਈ ਦਿੰਦੇ ਹਨ।
4. Correctness ਪਾਉਣ ਲਈ ਇਕ ਨਿਸ਼ਚਿਤ ਪਰਿਭਾਸ਼ਾ ਹੋਣੀ ਜ਼ਰੂਰੀ ਹੈ।
5. ਮਾਡੂਲੈਰਿਟੀ ਵਿਚ ਪ੍ਰੋਗਰਾਮ ਨੂੰ ਛੋਟੇ-ਛੋਟੇ ਯੂਨਿਟ ਜਾਂ ਮਾਡਿਊਲਜ਼ ਵਿਚ ਵੰਡਿਆ ਜਾਂਦਾ ਹੈ।
6. ਆਬਜੈੱਕਟ ਓਰੀਐਂਟਿਡ ਪ੍ਰੋਗਰਾਮਿੰਗ ਉਹ ਸਟਾਈਲ ਹੈ ਜਿਸ ਦੀ ਸੋਚ ਅਸਲ ਦੁਨੀਆਂ ਦੇ ਆਬਜੈਕਟ ਉੱਤੇ ਅਧਾਰਿਤ ਹੈ।

ਅਭਿਆਸ
(Exercise)

1. ਖਾਲੀ ਥਾਵਾਂ ਭਰੋ——

1. ..... ਸਾਫਟਵੇਅਰ ਬਣਾਉਣ ਵਾਲੇ ਨੂੰ ਦਿਖਾਈ ਦਿੰਦੇ ਹਨ।
2. ..... ਦੇ ਅਨੁਸਾਰ ਸਾਫਟਵੇਅਰ ਬਦਲਾਵ ਨੂੰ ਅਸਾਨੀ ਨਾਲ ਧਾਰਨ ਕਰ ਲੈਂਦਾ ਹੈ।
3. ..... ਵਿਚ ਪ੍ਰੋਗਰਾਮ ਨੂੰ ਛੋਟੇ-ਛੋਟੇ ਯੂਨਿਟ ਵਿਚ ਵੰਡਿਆ ਜਾਂਦਾ ਹੈ।
4. OOP ਦਾ ਅਰਥ ਹੈ .....।
5. OOP ਪ੍ਰੋਗਰਾਮ ਨੂੰ, ਕਈ Entities ਜਿਨ੍ਹਾਂ ਨੂੰ ..... ਕਿਹਾ ਜਾਂਦਾ ਹੈ, ਵਿਚ ਵੰਡ ਦਿੰਦਾ ਹੈ।

2. ਪ੍ਰਸ਼ਨਾਂ ਦੇ ਉੱਤਰ ਦਿਉ——

1. Correctness ਉੱਤੇ ਸੰਖੇਪ ਨੋਟ ਲਿਖੋ।
2. ਮਾਡੂਲੈਰਿਟੀ ਕੀ ਹੈ ?
3. ਆਬਜੈੱਕਟ ਓਰੀਐਂਟਿਡ ਪ੍ਰੋਗਰਾਮਿੰਗ ਅਤੇ ਪ੍ਰੋਸੀਜੀਰਲ (Procedural) ਪ੍ਰੋਗਰਾਮਿੰਗ ਵਿਚ ਕੀ ਫਰਕ ਹੈ ?
4. OOP ਦੇ ਬੇਸਿਕ ਕਾਨਸੈਪਟ ਕੀ ਹਨ ?

ਪਾਠ 2

C++ ਭਾਸ਼ਾ ਵਿਸ਼ੇਸ਼ਤਾਵਾਂ
(C++ Language Features)

C++ ਭਾਸ਼ਾ ਇਕ ਆਬਜੈੱਕਟ ਓਰੀਐਂਟਿਡ (OOP) ਭਾਸ਼ਾ ਹੈ। ਇਹ ਭਾਸ਼ਾ ਸਭ ਤੋਂ ਪਹਿਲਾਂ, ਨਿਊਜਰਸੀ ਵਿੱਚ ਸਥਿਤ ਏ.ਟੀ. ਐਂਡ. ਟੀ. ਬੈਲ ਲਬੋਰਟਰੀ (AT & T.Bell Labortaries) ਦੇ Bjarne Stroustrup ਦੁਆਰਾ 198● ਵਿਚ ਬਣਾਈ ਗਈ। ਸਟਰਾਊਸਟਰਪ, ਸਿਮੂਲਾ 67 (Simula 67) ਅਤੇ C ਭਾਸ਼ਾ ਨੂੰ ਮਿਲਾਕੇ ਇਕ ਸ਼ਕਤੀਸ਼ਾਲੀ ਭਾਸ਼ਾ ਦਾ ਨਿਰਮਾਣ ਕਰਨਾ ਚਾਹੁੰਦਾ ਸੀ ਜੋ ਕਿ ਆਬਜੈੱਕਟ ਓਰੀਐਂਟਿਡ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਨੂੰ ਲਵੇ ਅਤੇ ਨਾਲ ਹੀ C ਭਾਸ਼ਾ ਦੀ power ਅਤੇ elegance ਨੂੰ ਵੀ ਆਪਣੇ ਆਪ ਵਿਚ ਸਮਾ ਕੇ ਰੱਖੇ ਇਸ ਤਰ੍ਹਾਂ C++ ਭਾਸ਼ਾ ਦਾ ਨਿਰਮਾਣ ਹੋਇਆ।

ਅਸਲ C ਭਾਸ਼ਾ ਵਿਚ ਕਲਾਸ (class) ਇਕ ਸਭ ਤੋਂ ਵੱਡਾ ਜੋੜ (addition) ਸੀ। ਇਸ ਕਰਕੇ ਪਹਿਲਾਂ ਇਸ ਭਾਸ਼ਾ ਨੂੰ 'C ਵਿਦ ਕਲਾਸ ' (C with classes) ਨਾਮ ਦਿੱਤਾ ਗਿਆ। 1983 ਵਿਚ ਇਸ ਦਾ ਨਾਮ ਬਦਲ ਕੇ C++ ਕਰ ਦਿੱਤਾ ਗਿਆ। C++ ਨਾਮ ਰੱਖਣ ਦਾ ਵਿਚਾਰ (++) ਇਨਕਰੀਮੈਂਟ ਓਪਰੇਟਰ ਤੋਂ ਆਇਆ, ਜੋ ਇਹ ਦੱਸਦਾ ਹੈ ਕਿ C++, C ਦਾ ਹੀ ਇਕ ਇਨਕਰੀਮੈਂਟ ਹੈ।

2.1 C++ ਦਾ ਸਟਰਕਚਰ (Structure of C++)

C++ ਪ੍ਰੋਗਰਾਮ ਦੇ ਚਾਰ ਭਾਗ ਹੁੰਦੇ ਹਨ ਜੋ ਕਿ ਹੇਠਾਂ ਲਿਖੇ ਅਨੁਸਾਰ ਹਨ——



THE CLIENT-SERVER MODEL

The Client-Server Model
ਚਿੱਤਰ 2.1



Structure of a C++ Program
ਚਿੱਤਰ 2.1.1

2.2 ਇਨਪੁਟ ਓਪਰੇਟਰ (Input operator)

```
# include <iostream.h>
int main( )
{
    float number 1, number 2,
    sum, average ;
```

```
cout << “Enter two numbers :”; // prompt
cin >> number 1 ; // Reads numbers
cin >> number 2 ; // from keyboad
sum = number 1 + number 2 ;
average = sum/2 ;
cout << “ sum = ” << sum << “\n” ;
cout << “Average =“ << average << “\n” ;
return 0 ;
}
```

```
The output of the program is
Enter two numbers : 6.5  7.5
Sum = 14
Average = 7
```

2.2.1 cin >> number 1 : ਇਕ ਇਨਪੁਟ ਸਟੇਟਮੈਂਟ ਹੈ ਜਿਸ ਵਿਚ ਯੂਜਰ ਜਦ ਤੱਕ ਨੰਬਰ ਟਾਈਪ ਕਰਦਾ ਹੈ ਤੱਦ ਤਕ ਪ੍ਰੋਗਰਾਮ ਨੂੰ ਇੰਤਜ਼ਾਰ ਕਰਨ ਲਈ ਕਿਹਾ ਜਾਂਦਾ ਹੈ। ਇਸ ਸਟੇਟਮੈਂਟ ਵਿਚ number 1 ਇਕ ਵੇਰੀਏਬਲ ਹੈ ਅਤੇ cin, C++ ਵਿਚ ਪਹਿਲਾਂ ਤੋਂ ਪਰਿਭਾਸ਼ਿਤ ਕੀਤਾ ਆਬਜੈਕਟ ਹੈ ਜੋ ਕਿ ਸਟੈਂਡਰਡ ਇਨਪੁਟ ਸਟਰੀਮ (stream) ਦੇ ਨਾਲ ਸੰਬੰਧਿਤ ਹੁੰਦਾ ਹੈ।

ਇੱਥੇ ਇਹ ਸਟਰੀਮ (Stream) ਕੀਬੋਰਡ ਨੂੰ ਦਰਸਾਉਂਦੀ ਹੈ। ਓਪਰੇਟਰ >> ਨੂੰ ਐਕਸਟਰੈਕਸ਼ਨ (extraction) ਜਾਂ get from ਓਪਰੇਟਰ ਕਿਹਾ ਜਾਂਦਾ ਹੈ।

2.3 ਆਊਟਪੁਟ ਓਪਰੇਟਰ (Output operator)

```
# include <iostream.h>
int main( )
{
    cout << “C++ is better than C” ;                    // C++ statement
    return 0;
}          // End of example.
```

ਇਸ ਪ੍ਰੋਗਰਾਮ ਵਿਚ ਸਿਰਫ ਇਕ ਆਊਟਪੁਟ ਸਟੇਟਮੈਂਟ ਹੈ।

```
cout << “C++ is better than C.” ;
```

ਇਹ ਸਟੇਟਮੈਂਟ ਕੋਟੇਸ਼ਨ ਮਾਰਕਸ (“ ”) ਵਿਚ ਲਿਖੀ ਸਟਰਿੰਗ ਨੂੰ ਸਕਰੀਨ ਉੱਤੇ ਦਿਖਾਉਂਦਾ ਹੈ। ਇਸ ਸਟੇਟਮੈਂਟ ਵਿਚ ਅਸੀਂ C++ ਦੀ ਦੋ ਨਵੀਆਂ ਵਿਸ਼ੇਸ਼ਤਾਵਾਂ ਦੇਖਦੇ ਹਾਂ।

cout ਅਤੇ <<

cout, C++ ਵਿਚ ਪਹਿਲਾਂ ਤੋਂ ਪਰਿਭਾਸ਼ਿਤ ਇਕ ਆਬਜੈੱਕਟ ਹੈ। << ਨੂੰ ਇਨਸਰਸ਼ਨ ਜਾਂ Put to (operator) ਓਪਰੇਟਰ ਵੀ ਕਿਹਾ ਜਾਂਦਾ ਹੈ।

2.4 ਵੇਰੀਏਬਲ ਡੈਕਲੇਰੇਸ਼ਨ (Variable Declaration)

C++ ਵਿਚ ਸਾਰੇ ਵੇਰੀਏਬਲਜ਼ ਨੂੰ ਘੋਸ਼ਿਤ ਕਰਨਾ ਜ਼ਰੂਰੀ ਹੈ। (ਲਾਗੂ ਕਰਨ ਵਾਲੀ (executable) ਸਟੇਟਮੈਂਟਸ ਤੋਂ ਪਹਿਲਾਂ) C ਵਿਚ ਸਾਰੇ ਵੇਰੀਏਬਲ ਸ਼ੁਰੂਆਤ ਵਿਚ ਹੀ ਘੋਸ਼ਿਤ ਕੀਤੇ ਜਾਂਦੇ ਹਨ, ਪਰ C++ ਵੇਰੀਏਬਲਜ਼ ਨੂੰ ਕਿਤੇ ਵੀ ਘੋਸ਼ਿਤ ਕਰਨ (declare) ਦੀ ਆਗਿਆ ਦਿੰਦਾ ਹੈ ਜਿਸ ਦਾ ਅਰਥ ਹੈ ਕਿ ਵੇਰੀਏਬਲ ਨੂੰ ਸਭ ਤੋਂ ਪਹਿਲਾਂ ਇਸਤੇਮਾਲ ਵਾਲੀ ਥਾਂ ਤੇ ਘੋਸ਼ਿਤ ਕੀਤਾ ਜਾ ਸਕਦਾ ਹੈ।

2.4 ਉਦਾਹਰਣ ਤੇ ਵਿਚਾਰ ਕਰੋ

```
int main( )
{
    float x ;
    float sum = 0 ;                 // declaration
    for (int i = 1 ; i < 5 ; i++)
    {                               // declaration
    cin >> x ;
    sum = sum + x ;
    }
    float average ;
```

```
    average = sum / i ;       //declaration
    cout << average ;
    return 0 ;
}
```

2.5 C++ ਵਿਚ ਡਾਟਾ ਟਾਈਪਸ

C++ ਦੀਆਂ ਬੇਸਿਕ ਡਾਟਾ ਟਾਈਪਸ ਹੇਠਾਂ ਲਿਖੇ ਅਨੁਸਾਰ ਹਨ ਜੋ ਕਿ ਚਿੱਤਰ 2.5 ਵਿਚ ਦਿਖਾਈਆਂ ਹਨ।



C ਅਤੇ C++ ਕੰਪਾਈਲਰ ਸਾਰੀਆਂ ਬਿਲਟ ਇਨ (built-in) data types ਨੂੰ support ਕਰਦਾ ਹੈ।

2.6 C++ ਦੇ ਓਪਰੇਟਰ

C ਦੇ ਸਾਰੇ ਓਪਰੇਟਰ C++ ਵਿਚ ਉਪਲਬਧ ਹਨ। ਇਸ ਤੋਂ ਇਲਾਵਾ C++ ਵਿਚ ਕੁਝ ਨਵੇਂ ਓਪਰੇਟਰ ਵੀ ਆਏ ਹਨ। ਦੋ ਓਪਰੇਟਰ ਬਾਰੇ ਅਸੀਂ ਪਹਿਲਾਂ ਹੀ ਪੜ੍ਹ ਚੁੱਕੇ ਹਾਂ। Insertion ਓਪਰੇਟਰ >> ਅਤੇ extraction ਓਪਰੇਟਰ <<

ਕੁਝ ਹੋਰ ਓਪਰੇਟਰ ਇਸ ਤਰ੍ਹਾਂ ਹਨ :

::	Scope resolution ਓਪਰੇਟਰ
::*	Pointer-to-member declarator
→.*	Pointer-to-member operator
* .	Pointer-to-member operator
delete	Memory release operator
endl	Line Feed operator
new	Memory allocation operator
set w	Field width operator

2.7 ਕਾਂਸਟੈਂਟ ਕੁਆਲੀਫਾਇਰ (The const Qualifier)

ਕੀ-ਵਰਡ ਕਾਂਸਟੈਂਟ (const.), ਜੇਕਰ ਹੈ, ਤਾਂ ਵੇਰੀਏਬਲ ਦੇ ਡਾਟਾ ਟਾਈਪ ਤੋਂ ਪਹਿਲਾਂ ਲਿਖਿਆ ਜਾਂਦਾ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਵੇਰੀਏਬਲ ਦੀ ਕੀਮਤ ਪੂਰੇ ਪ੍ਰੋਗਰਾਮ ਵਿਚ ਨਹੀਂ ਬਦਲਦੀ। ਜੇਕਰ ਉਸ ਵੇਰੀਏਬਲ ਦੀ ਕੀਮਤ ਨੂੰ ,ਜੋ ਕਿ ਕੁਆਲੀਫਾਇਰ (Qualifier) ਦੇ ਨਾਲ ਘੋਸ਼ਿਤ ਹੁੰਦਾ ਹੈ ਛੇੜਿਆ ਜਾਵੇ ਤਾਂ ਕੰਪਾਇਲਰ ਤੋਂ ਐਰਰ ਮੈਸੇਜ ਆਉਂਦਾ ਹੈ।

ਕਾਂਸਟੈਂਟ #defined constant ਨੂੰ ਬਦਲਣ ਲਈ ਵਰਤੇ ਜਾਂਦੇ ਹਨ।

const qualifier ਇਹ ਨਿਸ਼ਚਿਤ ਕਰਦਾ ਹੈ, ਤੁਹਾਡਾ ਪ੍ਰੋਗਰਾਮ ਵੇਰੀਏਬਲ ਜੋ ਕਿ constant ਹੈ ਨੂੰ ਆਲਟਰ (alter) ਨਹੀਂ ਕਰਦਾ। ਇਹ, ਇਹ ਵੀ ਯਾਦ ਦਿਵਾਉਂਦਾ ਹੈ ਕਿ ਜੇਕਰ ਕੋਈ ਪ੍ਰੋਗਰਾਮ ਪੜ੍ਹ ਰਿਹਾ ਹੋਵੇ ਕਿ ਤਾਂ ਇਹ ਲਿਸਟ ਕੀਤਾ ਜਾਂਦਾ ਹੈ ਕਿ ਵੇਰੀਏਬਲ ਨਹੀਂ ਬਦਲ ਸਕਦਾ।

ਇਸ ਕੁਆਲੀਫਾਇਰ ਦੇ ਵੇਰੀਏਬਲ ਨੂੰ ਅਪਰਕੇਸ ਵਿਚ ਨਾਮ ਦਿੱਤਾ ਜਾਂਦਾ ਹੈ ਅਤੇ ਇਹ ਯਾਦ ਦਿਵਾਉਂਦਾ ਹੈ ਕਿ ਇਹ ਕਾਂਸਟੈਂਟ ਹਨ।

ਹੇਠ ਲਿਖਿਆ ਪ੍ਰੋਗਰਾਮ const ਦੀ ਵਰਤੋਂ ਦਰਸਾਉਂਦਾ ਹੈ,

```
# include <iostream.h>
void main( )
{
    float r, a ;
    const float Pi = 3.14 ;
    cin >> r ;
```

```
    a = Pi * r * r ;
    cout << end 1 << ‘‘Area of Circle = ’’ << a ;
}
```

const, # define ਦੇ ਮੁਕਾਬਲੇ ਵਧੀਆ ਤਰੀਕਾ ਹੈ, ਪਰੰਤੂ ਇਸ ਦੇ ਆਪਰੇਸ਼ਨ (Operation) ਨੂੰ ਫੰਕਸ਼ਨ ਦੇ ਅੰਦਰ ਜਾਂ ਬਾਹਰ ਕੰਟਰੋਲ ਕੀਤਾ ਜਾਂਦਾ ਹੈ।

ਜੇਕਰ const ਨੂੰ ਫੰਕਸ਼ਨ ਦੇ ਅੰਦਰ ਰੱਖਿਆ ਜਾਂਦਾ ਹੈ ਤਾਂ ਇਸ ਦਾ ਅਸਰ ਲੋਕਲਾਈਜ਼ਡ (Localised) ਹੋਵੇਗਾ। ਜੇਕਰ ਬਾਹਰ ਰੱਖਿਆ ਜਾਂਦਾ ਹੈ ਤਾਂ ਗਲੋਬਲ (Global) ਹੋਵੇਗਾ।

2.8 ਇਨਲਾਈਨ ਫੰਕਸ਼ਨਜ਼ (Inline Functions)

ਫੰਕਸ਼ਨ ਦੀ ਵਰਤੋਂ ਕਰਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਮੈਮਰੀ ਸਪੇਸ ਬਚਾਉਣ ਵਿਚ ਮਦਦ ਕਰਦੀ ਹੈ।

ਫੰਕਸ਼ਨ ਨੂੰ ਕਾਲ ਕਰਨ ਨਾਲ ਇਕੋ ਹੀ ਕੋਡ ਲਾਗੂ ਹੁੰਦਾ ਹੈ ਅਤੇ ਫੰਕਸ਼ਨ ਬਾਡੀ ਨੂੰ ਮੈਮਰੀ ਵਿਚ ਡੁਪਲੀਕੇਟ ਨਹੀਂ ਬਣਾਇਆ ਜਾਂਦਾ।

ਜਦੋਂ ਇਕ ਛੋਟੇ ਫੰਕਸ਼ਨ ਨੂੰ ਬਹੁਤ ਵਾਰ ਪ੍ਰੋਗਰਾਮ ਵਿਚ ਬੁਲਾਇਆ ਜਾਂਦਾ ਹੈ ਉਸ ਹਾਲਤ ਵਿਚ ਫੰਕਸ਼ਨ ਨੂੰ Call ਕਰਨ ਸਮੇਂ ਕੁਝ ਸਮੱਸਿਆਵਾਂ (overheads) ਆਉਂਦੀਆਂ ਹਨ।

ਵੈਲਿਊ ਪਾਸ ਕਰਨ ਲਈ, ਪਾਸਿੰਗ ਕੰਟਰੋਲ (Passing Control), ਵੈਲਿਓ ਰਿਟਰਨ ਕਰਨ ਲਈ ਅਤੇ ਕੰਟਰੋਲ ਰਿਟਰਨ ਕਰਨ ਦੇ ਲਈ ਸਮਾਂ ਦੇਣਾ ਪੈਂਦਾ ਹੈ।

ਇਹਨਾਂ ਹਲਾਤਾਂ ਵਿਚ ਲਾਗੂ ਸਮਾਂ ਬਚਾਉਣ ਲਈ C++ ਕੰਪਾਈਲਰ ਨੂੰ ਫੰਕਸ਼ਨ ਬਾਡੀ ਵਿਚ ਕੋਡ ਲਗਾਉਣ ਲਈ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਜੋ ਕਿ ਸਿੱਧੇ ਤੌਰ ਤੇ ਪ੍ਰੋਗਰਾਮ ਕਾਲ ਵਿਚ ਕੋਡ ਦੇ ਅੰਦਰ ਹੁੰਦੀ ਹੈ।

ਮਤਲਬ ਹਰ ਜਗ੍ਹਾ ਜਿੱਥੇ ਕਿਤੇ ਵੀ ਫੰਕਸ਼ਨ ਸੋਰਸ ਫਾਈਲ ਵਿਚ ਕਾਲ ਹੋਵੇਗਾ ਤਾਂ ਫੰਕਸ਼ਨ ਨੂੰ ਜੰਪ ਕਰਵਾਉਣ ਦੀ ਬਜਾਇ ਅਸਲ ਕੋਡ ਫੰਕਸ਼ਨ ਤੋਂ ਇਨਸਰਟ ਕੀਤਾ ਜਾਵੇਗਾ ਬਜਾਇ ਫੰਕਸ਼ਨ ਨੂੰ ਜੰਪ ਕਰਵਾਉਣ ਦੇ। ਇਹਨਾਂ ਫੰਕਸ਼ਨਜ਼ ਨੂੰ **inline functions** ਕਿਹਾ ਜਾਂਦਾ ਹੈ।

ਹੇਠ ਲਿਖਿਆ ਪ੍ਰੋਗਰਾਮ 2.8 Inline function ਦੇ ਕੰਮ ਬਾਰੇ ਦੱਸਦਾ ਹੈ।

```
# include < iostream.h >
inline void reporters (char * str)
{
    cout << end l << str ;
    exit (1) ;
}
void main ( )
{
                                    // code to open source file
if (file open is failed)
reporter (‘‘unable to open source file’’) ;
                                  // code to open target file
if (file opening failed)
reporters / unable to open target file’’);
                                     //code to copy contents of source file into target file
}
```

ਇਨਲਾਈਨ ਫੰਕਸ਼ਨ # define macros ਦੇ ਬਰਾਬਰ ਹੁੰਦੇ ਹਨ ਜਦਕਿ ਇਹ ਵਧੀਆ type checking (ਟਾਈਪ ਚੈਕਿੰਗ) ਦਿੰਦੇ ਹਨ ਅਤੇ ਨਾ ਹੀ ਇਨ੍ਹਾਂ ਦਾ ਕੋਈ ਗਲਤ ਪ੍ਰਭਾਵ ਹੁੰਦਾ ਹੈ। ਜਦੋਂ ਇਹ ਮੈਕਰੋਜ਼ ਨਾਲ ਸੰਬੰਧਿਤ ਹੁੰਦੇ ਹਨ।

2.9 ਉਦਾਹਰਣ ਵਜੋਂ ਹੇਠ ਲਿਖਿਆ ਪ੍ਰੋਗਰਾਮ

```
# includ < iostream.h >
# define SQUARE (X) x*x
inline float square (float y)
{
    return y * y ;
}
void main( )
{
    float a = 0.5, b = 0.5, c, d ;
    c = SQUARE (++ a) ;
    d = Square (++ b) ;
}
```

ਪ੍ਰੀਪ੍ਰੋਸੈਸਿੰਗ ਸਮੇਂ macro SQUARE (expand) ਹੋ ਜਾਂਦਾ ਹੈ।
C = ++x * ++x ; ਤੁਸੀਂ ਨੋਟ ਕਰੋਗੇ ਕਿ ਜਦੋਂ macro ਨੂੰ expand ਕੀਤਾ ਜਾਂਦਾ ਹੈ ਤਾਂ ਕਈ ਅਣਚਾਹੇ ਪ੍ਰਭਾਵ ਪੈਦਾ ਹੋ ਜਾਂਦੇ ਹਨ।

2.10 ਫੰਕਸ਼ਨ (Functions)

ਇਕ ਫੰਕਸ਼ਨ ਪ੍ਰੋਗਰਾਮ ਵਿਚ ਦਿੱਤੀ ਹੋਈ ਹਦਾਇਤਾਂ (Statement) ਦਾ ਇਕ ਸਮੂਹ ਹੈ ਜੋ ਕਿ ਇਕ ਖ਼ਾਸ ਕੰਮ ਨੂੰ ਕਰਨ ਲਈ ਬਣਾਇਆ ਜਾਂਦਾ ਹੈ। ਹਰ ਇਕ C++ ਪ੍ਰੋਗਰਾਮ ਵਿਚ ਘੱਟ ਤੋਂ ਘੱਟ ਇਕ ਫੰਕਸ਼ਨ ਹੁੰਦਾ ਹੈ ਤੇ ਉਹ ਹੈ main( )
ਅਸੀਂ ਆਪਣੇ ਪ੍ਰੋਗਰਾਮ ਦੇ ਕੋਡ ਨੂੰ ਅਲੱਗ–ਅਲੱਗ ਫੰਕਸ਼ਨਜ਼ ਵਿਚ ਵੰਡ ਸਕਦੇ ਹਾਂ। ਇਕ ਫੰਕਸ਼ਨ ਉਸ ਸਮੇਂ ਹੀ (execute) ਲਾਗੂ ਹੁੰਦਾ ਹੈ ਜਦੋਂ ਪ੍ਰੋਗਰਾਮ ਵਿਚ ਕਿਸੇ ਥਾਂ ਤੇ ਉਸ ਨੂੰ ਬੁਲਾਇਆ ਜਾਂਦਾ ਹੈ। ਫੰਕਸ਼ਨ ਨੂੰ ਬਣਾਉਣ ਦਾ ਤਰੀਕਾ (Format) ਹੇਠਾਂ ਲਿਖੇ ਅਨੁਸਾਰ ਹੈ :

```
type name (Parameter 1, Parameter 2, ....)
{
    statements ;
    ..... ;
}
```

ਇੱਥੇ 1. type ਦੱਸਦਾ ਹੈ ਕਿ ਫੰਕਸ਼ਨ ਕਿਸ ਤਰ੍ਹਾਂ ਦਾ ਡਾਟਾ ਵਾਪਿਸ (return) ਕਰੇਗਾ।
2. name, function ਦਾ ਨਾਂ ਹੈ।
3. Parameters ਉਹ variables ਹਨ ਜੋ ਫੰਕਸ਼ਨ ਵਿਚੋਂ ਪਾਸ ਕਰਵਾਉਣੇ ਹਨ।
4. Statement ਉਹ ਹਦਾਇਤਾਂ ਦਾ ਸਮੂਹ (group) ਹਨ ਜਿਸ ਲਈ function ਬਣਾਇਆ ਗਿਆ ਹੈ।

2.10.1 ਫੰਕਸ਼ਨ ਪ੍ਰੋਟੋਟਾਈਪਸ (Function Prototypes)

ਇਕ ਫੰਕਸ਼ਨ ਪ੍ਰੋਟੋਟਾਈਪ ਇਕ ਘੋਸ਼ਣਾ ਹੈ ਜਿਸ ਵਿਚ ਪਾਸ ਕੀਤੇ ਜਾਣ ਵਾਲੇ ਐਰਗੀਮੈਂਟਸ ਅਤੇ ਫੰਕਸ਼ਨ ਦੁਆਰਾ ਵਾਪਸ ਕੀਤੀ ਵੈਲਿਊ ਦੀ ਟਾਈਪ, ਦੋਵਾਂ ਨੂ ਪਰਭਾਸ਼ਿਤ ਕੀਤਾ ਜਾਂਦਾ ਹੈ। ਜੇਕਰ ਅਸੀਂ ਕਿਸੇ ਫੰਕਸ਼ਨ foot ( ) ਨੂੰ ਬੁਲਾਉਣਾ (call) ਹੈ ਜੋ ਕਿ float ਪ੍ਰਾਪਤ ਕਰਦਾ ਹੈ ਅਤੇ int ਨੂੰ ਆਰਗੂਮੈਂਟ ਦੇ ਤੌਰ ਤੇ ਲੈਂਦਾ ਹੈ ਅਤੇ double value ਵਾਪਿਸ ਕਰਦਾ ਹੈ ਤਾਂ ਇਸ ਦਾ ਪ੍ਰੋਟੋਟਾਈਪ ਇਸ ਤਰ੍ਹਾਂ ਹੈ—

double foot (float, int) ;

ਆਓ ਹੁਣ ਦੇਖਦੇ ਹਾਂ C++ ਵਿਚ ਫੰਕਸ਼ਨ ਕਿਸ ਤਰ੍ਹਾਂ ਪਰਿਭਾਸ਼ਿਤ ਕੀਤੇ ਜਾਂਦੇ ਹਨ, ਕੁਝ C++ ਕੰਪਾਈਲਰ ਅਜੇ ਵੀ K & R ਸਟਾਈਲ ਸਵੀਕਾਰ ਕਰਦੇ ਹਨ।
ਦੋਵੇਂ ਫਾਰਮੈਟ ਹੇਠਾਂ ਲਿਖੇ ਹਨ :

```
                        // K & R style
double foot (a, b)
int a ; float b ;
{
    // some code
}
    // Prototype - Like style
    double foot (int a, float b)
  {
    // Some code
}
```

ਨੋਟ : ਕੁਝ C++ ਕੰਪਾਈਲਰ ਦੋਵੇਂ ਸਟਾਈਲ ਸਵੀਕਾਰ ਕਰਦੇ ਹਨ।

2.10.2 ਫੰਕਸ਼ਨ ਓਵਰਲੋਡਿੰਗ (Function Overloading)

C++ ਵਿਚ ਫੰਕਸ਼ਨਜ਼ ਦੀ ਸਮਰੱਥਾ ਵਿਚ ਇਕ ਹੋਰ ਮਹੱਤਵਪੂਰਨ ਚੀਜ਼ ਜੋੜੀ ਗਈ ਹੈ ਜਿਸ ਨੂੰ ਫੰਕਸ਼ਨ ਓਵਰਲੋਡਿੰਗ ਕਿਹਾ ਜਾਂਦਾ ਹੈ। ਇਸ ਸੁਵਿਧਾ ਨਾਲ ਤੁਸੀਂ ਬਹੁਤ ਸਾਰੇ ਫੰਕਸ਼ਨ ਇੱਕੋ ਨਾਮ ਨਾਲ ਦੇਖਦੇ ਹੋ ਪਰ ਸੀ ਵਿੱਚ ਪ੍ਰੋਗਰਾਮ ਵਿਚ ਫੰਕਸ਼ਨ ਦਾ ਵੱਖਰਾ ਨਾਮ ਹੁੰਦਾ ਹੈ। ਉਦਾਹਰਣ ਦੇ ਤੌਰ ਤੇ C ਵਿਚ ਕਈ ਪ੍ਰਕਾਰ ਦੇ ਫੰਕਸ਼ਨ ਹੁੰਦੇ ਹਨ ਜੋ ਕਿ ਐਬਸੈਲਿਊਟ ਵੈਲਯੂ ਵਾਪਿਸ ਕਰਦੇ ਹਨ ਜਦਕਿ ਵੱਖਰਾ ਨਾਮ ਚਾਹੀਦਾ ਹੁੰਦਾ ਹੈ ਤਾਂ ਹਰ ਨਿਉਮੈਰਿਕ ਡਾਟਾ ਟਾਈਪ ਲਈ ਇਕ ਅਲੱਗ ਫੰਕਸ਼ਨ ਹੁੰਦਾ ਹੈ। ਇਸ ਕਰਕੇ ਤਿੰਨ ਅਲੱਗ ਫੰਕਸ਼ਨ ਹੁੰਦੇ ਹਨ ਜੋ ਐਬਸੈਲਿਊਟ ਵੈਲਯੂ ਆਰਗੂਮੈਂਟ ਦੀ ਵਾਪਿਸ ਕਰਦੇ ਹਨ।

```
int abs (int i) ;
long labs (long l) ;
double fabs (double d) ;
```

ਉੱਪਰ ਸਾਰੇ ਫੰਕਸ਼ਨ ਇਕ ਹੀ ਕੰਮ ਕਰ ਰਹੇ ਹਨ ਅਤੇ ਤਿੰਨ ਅਲੱਗ ਅਲੱਗ ਫੰਕਸ਼ਨ ਲੈਣੇ ਜ਼ਰੂਰੀ ਨਹੀਂ ਹਨ। C++ ਇਸ ਸਮੱਸਿਆ ਨੂੰ ਠੀਕ ਕਰਦੀ ਹੈ ਅਤੇ ਇਕੋ ਨਾਮ ਦੇ ਤਿੰਨ ਅਲੱਗ ਫੰਕਸ਼ਨ ਨੂੰ ਪ੍ਰੋਗਰਾਮ ਦੀ ਆਗਿਆ ਦਿੰਦੀ ਹੈ। ਇਸ ਪ੍ਰੋਸੈਸ ਨੂੰ ਫੰਕਸ਼ਨ ਓਵਰਲੋਡਿੰਗ ਕਹਿੰਦੇ ਹਨ।

ਹੇਠਾਂ ਲਿਖੇ ਪ੍ਰੋਗਰਾਮ 2.10.2 ਦੁਆਰਾ ਦੱਸਿਆ ਜਾ ਸਕਦਾ ਹੈ।

```
# include < iostream.h >
void main( )
{
    int i = – 25, j ;
    long 1 = – 100000 L, m ;
    double d = – 12.34, e ;
   int abs (int) ;
    long abs (long) ;
    double abs (double) ;
    i = abs (i) ;
    m = abs (l) ;
    e = abs (d) ;
}
cout << end 1 << j << end 1 << m << end 1 <<e ;
}
    int abs (int ii)
{
    return (ii > 0 ? ii : ii * –1) ;

long abs (logn ll)
{
    return (ll > 0 ? ll : ll * –1) ;
}
    double abs (double dd)
{
    return (dd > 0 ? dd : dd * –1) ;
}
```

C++ ਕੰਪਾਇਲਰ ਨੂੰ ਕਿਵੇਂ ਪਤਾ ਹੁੰਦਾ ਹੈ ਕਿ ਕਿਹੜਾ abs ( ) s ਨੂੰ ਬੁਲਾਇਆ ਜਾਵੇਗਾ। ਇਹ ਆਰਗੂਮੈਂਟ ਦੀ ਟਾਈਪ ਜੋ ਕਿ ਫੰਕਸ਼ਨ ਕਾਲ ਕਰਨ ਵੇਲੇ ਪਾਸ ਕੀਤੀ ਜਾਂਦੀ ਹੈ।

ਉਦਾਹਰਣ : ਜੇਕਰ int pass ਕੀਤਾ ਜਾਵੇਗਾ ਤਾਂ ਇੰਟੀਜਰ ਵਾਚਨ ਨੂੰ abs (gets) ਬੁਲਾਇਆ ਜਾਂਦਾ ਹੈ। ਜੇਕਰ double pass ਕੀਤਾ ਜਾਵੇਗਾ ਤਾਂ double version of abs (gets) ਕਾਲ ਕੀਤਾ ਜਾਵੇਗਾ।

2.11 ਫੰਕਸ਼ਨ ਦੇ ਵਿਚ ਡਿਫਾਲਟ ਆਰਗੂਮੈਂਟ

C ਵਿਚ ਜੇਕਰ ਫੰਕਸ਼ਨ ਦੋ ਆਰਗੂਮੈਂਟ ਪ੍ਰਾਪਤ ਕਰਨ ਲਈ ਪਰਿਭਾਸ਼ਿਤ ਕੀਤਾ ਜਾਵੇ, ਜਦੋਂ ਅਸੀਂ ਫੰਕਸ਼ਨ ਨੂੰ ਬੁਲਾਉਂਦੇ ਹਾਂ (Call) ਸਾਨੂੰ ਦੋ ਕੀਮਤਾਂ ਇਸ ਫੰਕਸ਼ਨ ਵਿਚ ਪਾਸ (Pass) ਕਰਨੀਆਂ ਪੈਂਦੀਆਂ ਹਨ ਜੇਕਰ ਅਸੀਂ ਇਕ ਕੀਮਤ (Value) ਪਾਸ ਕਰਦੇ ਹਾਂ ਤਾਂ ਗਾਰਬੇਜ ਕੀਮਤਾਂ (Garbage Value) ਨੂੰ ਅਖੀਰਲਾ ਆਰਗੂਮੈਂਟ ਮੰਨਿਆ ਜਾਂਦਾ ਹੈ। ਜਦੋਂ ਫੰਕਸ਼ਨ ਨੂੰ ਬੁਲਾਇਆ ਜਾਂਦਾ ਹੈ ਤਾਂ C++ ਦੇ ਫੰਕਸ਼ਨ ਵਿੱਚ ਆਰਗੁਮੈਂਟ ਲਈ ਉਹਨਾਂ ਡਿਫਾਲਟ ਕੀਮਤਾਂ (values) ਨੂੰ ਪਰਿਭਾਸ਼ਿਤ ਕਰਨ ਦੀ ਸਮਰੱਥਾ ਹੁੰਦੀ ਹੈ ਜਿਜ਼ੀਆਂ ਪਾਸ ਨਹੀ ਕੀਤੀਆਂ ਜਾਂਦੀਆਂ ਜਦੋ ਫੰਕਸ਼ਨ ਨੂੰ ਬੁਲਾਇਆ ਜਾਦਾਂ ਹੈ

ਇਸ ਉਦਾਹਰਣ ਤੋਂ ਸਪੱਸ਼ਟ ਹੋ ਜਾਵੇਗਾ :

```
# include < iostream.h >
# include < conio.h >
void box (int sr = 1, int sc = 1, int er = 24, int ec = 80) ;
void main( )
{
    clrscr ( );
    box (10, 20, 22, 70) ;
    box (10, 20, 15) ;
    box (5, 10) ;
    box ( ) ;
}
void box (int sr, int sc, int er, int ec)
{
    int r, c ;
    goto xy (sc, sr)
```

```
cout << (char) 218 ; // outputs a graphic character whose ASCII value is 128.
goto xy (ec, sr) ;
cout << (char) 191 ;
goto xy (sc, er) ;
cout << (char) 192 ;
goto xy (ec, er) ;
cout << (char) 217 ;
for (r = sr + 1 ; r < er ; r ++)
{
    goto xy (sc, r) ;
    cout << (char) 179 ;
    goto xy (ec, r) ;
    cout << (char) 179 ;
}
    for (c = sc + 1 ; c < ec ; c++)
 {
    gotoxy (c, sr) ;
    cout << (char) 196 ;
    gotoxy (c, er) ;
    cout << (char) 196 ;
 }
}
```

ਜਦੋਂ ਅਸੀਂ function box ( ) ਨੂੰ 4 ਆਰਗੂਮੈਂਟ ਨਾਲ ਬੁਲਾਉਂਦੇ ਹਾਂ ਤਾਂ ਬਾਕਸ ਆਰਗੂਮੈਂਟ ਪਾਸ ਕਰਨ ਦੇ ਨਾਲ ਪ੍ਰਾਪਤ ਹੁੰਦਾ ਹੈ। ਪਰ ਜਦੋਂ ਅਸੀਂ ਇਸ ਨੂੰ 3 ਆਰਗੂਮੈਂਟ ਨਾਲ ਬੁਲਾਉਂਦੇ ਹਾਂ ਤਾਂ ਡਿਫਾਲਟ ਕੀਮਤ Prototype of box ( ) ਵਰਤਿਆ ਜਾਂਦਾ ਹੈ।ਅਖੀਰਲੇ ਆਰਗੂਮੈਂਟ ਲਈ ਉਸੇ ਤਰ੍ਹਾਂ ਜਦੋਂ ਅਸੀਂ ਦੋ ਆਰਗੂਮੈਂਟ ਨਾਲ ਬੁਲਾਉਂਦੇ ਹਾਂ ਤਾਂ ਅਖੀਰਲੇ 2 ਆਰਗੂਮੈਂਟਾਂ ਲਈ ਡਿਫਾਲਟ ਕੀਮਤਾਂ ਵਰਤੀਆਂ ਜਾਂਦੀਆਂ ਹਨ ਅਤੇ ਅਖ਼ੀਰ ਵਿਚ ਅਸੀਂ ਇਸ ਨੂੰ ਬਿਨਾਂ ਆਰਗੂਮੈਂਟ ਤੋਂ ਬੁਲਾਉਂਦੇ ਹਾਂ ਤੇ ਇਕ box (ਬਾਕਸ) ਡਰਾਅ ਹੋ ਜਾਂਦਾ ਹੈ ਜੋ ਕਿ ਜਿਸ ਦੀਆਂ ਸਾਰੀਆਂ ਡਿਫਾਲਟ ਕੀਮਤਾਂ ਹਨ।

2.12 Extern ‘‘C’’ Declaration

C ਪ੍ਰੋਗਰਾਮਿੰਗ ਭਾਸ਼ਾ ਵਿਚ, External ਵੇਰੀਏਬਲ ਉਹ variable ਹੁੰਦਾ ਹੈ ਜੋ ਕਿ ਫੰਕਸ਼ਨ ਬਲਾਕ ਤੋਂ ਬਾਹਰ Declare ਕੀਤਾ ਜਾਂਦਾ ਹੈ। ਫੰਕਸ਼ਨ ਬਲਾਕ ਦੇ ਅੰਦਰ Declare ਕੀਤਾ ਹੋਇਆ ਵੇਰੀਏਬਲ ਲੋਕਲ (local) variable ਕਹਿਲਾਉਂਦਾ ਹੈ।
ਇਕ ਐਕਸਟਰਨਲ (external) ਵੇਰੀਏਬਲ ਨੂੰ ਪ੍ਰੋਗਰਾਮ ਦੇ ਸਾਰੇ ਫੰਕਸ਼ਨਜ਼ ਦੁਆਰਾ ਐਕਸੈਸ (Access) ਕੀਤਾ ਜਾ ਸਕਦਾ ਹੈ।ਇਹ ਇਕ ਗਲੋਬਲ (Global) ਵੇਰੀਏਬਲ (Variable) ਹੁੰਦਾ ਹੈ।ਐਕਸਟਰਨਲ ਵੇਰੀਏਬਲ ਨੂੰ ਜਦੋਂ ਪ੍ਰੋਗਰਾਮ ਸ਼ੁਰੂ ਹੁੰਦਾ ਹੈ ਉਸ ਸਮੇਂ ਹੀ ਮੈਮਰੀ ਐਲੋਕੇਟ (allocate) ਕੀਤੀ ਜਾਂਦੀ ਹੈ ਤੇ ਜਦੋਂ ਪ੍ਰੋਗਰਾਮ ਖ਼ਤਮ ਹੁੰਦਾ ਹੈ ਤਾਂ ਮੈਮਰੀ ਰੀਲੀਜ਼ (Release) ਹੋ ਜਾਂਦੀ ਹੈ।ਇਸ ਦਾ ਲਾਈਫ ਟਾਈਮ ਪ੍ਰੋਗਰਾਮ ਦੇ ਲਾਈਫ ਟਾਈਮ ਦੇ ਬਰਾਬਰ ਹੁੰਦਾ ਹੈ।

ਫਾਰਮੈਟ ਫਾਈਲ 1 :

```
int Global Variable ;   // implicit definition
void Some Function (void) ;
    // function prototype (declaration)
int main( ) {
Global Variable = 1 ;
Some Function( );
return 0 ;
}
```

ਫਾਈਲ 2 :

```
extern int Global Variable ;  // Explicit declaration
void Some Function (void) {   // Function header (definition)
++ Global Variable ;
}
```

2.13 ਰੇਫਰੈਂਸ vs ਪੁਆਇੰਟਰ (Reference vs Pointer)

ਹੇਠਾਂ ਲਿਖੇ ਕੁਝ ਪੁਆਇੰਟਰਸ ਰਾਹੀਂ ਉਪਰੋਕਤ ਵਿਸ਼ੇ ਨੂੰ ਸਮਝਾਇਆ ਜਾ ਸਕਦਾ ਹੈ :

1. ਇਕ ਪੁਆਇੰਟਰ ਨੂੰ ਅਸੀਂ ਜਦੋਂ ਮਰਜੀ ਰੀ–ਅਸਾਈਨਡ (re-assigned) ਕਰ ਸਕਦੇ ਹਾਂ ਪਰ ਰੇਫਰੈਨਸ (reference) ਇਕ ਵਾਰ ਇਨਸ਼ਿਲਾਈਜਡ (initialized) ਹੋਣ ਤੋਂ ਬਾਅਦ ਰੀ–ਅਸਾਈਨਡ ਨਹੀਂ ਹੁੰਦਾ।
2. ਇਕ ਪੁਆਇੰਟਰ NULL ਦੀ ਤਰਫ਼ ਇਸ਼ਾਰਾ (Point) ਕਰ ਸਕਦਾ ਹੈ ਪਰ ਰੇਫਰੈਂਸ (Reference) ਕਦੇ ਵੀ NULL ਦੀ ਤਰਫ ਪੁਆਇੰਟ ਨਹੀਂ ਕਰਦਾ।
3. ਅਸੀਂ ਪੁਆਇੰਟਰ ਦੀ ਤਰ੍ਹਾਂ ਰੇਫਰੈਂਸ (reference) ਦਾ ਐਡਰੈਸ (Address) ਪ੍ਰਾਪਤ ਨਹੀਂ ਕਰ ਸਕਦੇ।
4. ਇਥੇ ਕੋਈ (Reference Arithmatic) ਨਹੀਂ ਹੁੰਦਾ ਪਰ ਅਸੀਂ ਉਸ ਆਬਜੈਕਟ (Object) ਦਾ ਐਡਰੈਸ ਲੈ ਸਕਦੇ ਹਾਂ ਜਿਸ ਨੂੰ reference ਪੁਆਇੰਟ ਕਰ ਰਿਹਾ ਹੈ ਤੇ ਉਸ ਤੇ 'Pointer Arithmetic' ਕਰ ਸਕਦੇ ਹਾਂ।

2.14 Memory Allocation using New operator and Deallocation using Delete operator

ਰਨ ਟਾਈਮ ਤੇ ਡਾਇਨਾਮਿਕ ਤਰੀਕੇ ਨਾਲ ਮੈਮਰੀ ਐਲੋਕੇਟ ਕਰਨ ਵਾਸਤੇ 'C' malloc( ) ਅਤੇ calloc( ) ਫੰਕਸ਼ਨ ਦੀ ਵਰਤੋਂ ਕਰਦਾ ਹੈ। ਨਾਲ ਹੀ ਇਹ free( ) ਫੰਕਸ਼ਨ ਦੀ ਵਰਤੋਂ ਡਾਇਨਾਮਿਕ ਤਰੀਕੇ ਨਾਲ ਐਲੋਕੇਟ ਕੀਤੀ ਹੋਈ ਮੈਮਰੀ ਨੂੰ free ਕਰਨ ਲਈ ਕਰਦਾ ਹੈ। ਅਸੀਂ ਡਾਇਨਾਮਿਕ ਮੈਮਰੀ ਤਕਨੀਕ ਤਾਂ ਵਰਤਦੇ ਹਾਂ ਜਦੋਂ ਇਹ ਪਤਾ ਨਹੀਂ ਹੁੰਦਾ ਕਿ ਕਿੰਨੇ ਮੈਮਰੀ ਸਪੇਸ ਦੀ ਜ਼ਰੂਰਤ ਹੈ। ਹਾਲਾਂਕਿ 'C++' ਵੀ ਇਨ੍ਹਾਂ ਫੰਕਸ਼ਨਸ ਨੂੰ ਸਮਰਥਨ (Support) ਕਰਦਾ ਹੈ ਪਰ ਇਹ ਮੈਮਰੀ ਐਲੋਕੇਸ਼ਨ ਦਾ ਕੰਮ ਹੋਰ ਬੇਹਤਰ ਤਰੀਕੇ ਦੇ ਨਾਲ ਕਰਨ ਲਈ ਦੋ ਨਵੇਂ ਯੂਨਰੀ (Unary) ਉਪਰੇਟਰ new ਅਤੇ delete ਨੂੰ ਵੀ ਪਰਿਭਾਸ਼ਿਤ ਕਰਦਾ ਹੈ। new ਅਤੇ delete ਉਪਰੇਟਰ ਮੈਮਰੀ ਐਲੋਕੇਸ਼ਨ ਅਤੇ ਫਰੀ (free) ਕਰਨ ਦਾ ਕੰਮ ਵਧੀਆ ਅਤੇ ਸੌਖੇ ਢੰਗ ਨਾਲ ਕਰਦੇ ਹਨ।

ਇਕ ਆਬਜੈਕਟ (Object) new ਉਪਰੇਟਰ ਦੀ ਵਰਤੋਂ ਕਰਕ ਬਣਾਇਆ ਜਾ ਸਕਦਾ ਹੈ ਤੇ ਜਦੋਂ ਲੋੜ ਹੋਵੇ ਤਾਂ delete operator (ਉਪਰੇਟਰ) ਦੀ ਵਰਤੋਂ ਕਰਕੇ ਮਿਟਾਇਆ (Destroyed) ਜਾ ਸਕਦਾ ਹੈ (ਜਦੋਂ ਲੋੜ ਹੋਵੇ ਤਾਂ)। new operator (ਉਪਰੇਟਰ) ਦੇ ਨਾਲ ਕਰੀਏਟ ਕੀਤਾ ਹੋਇਆ ਡਾਟਾ ਆਬਜੈਕਟ ਉਸ ਸਮੇਂ ਤੱਕ ਹੋਂਦ ਵਿਚ ਰਹਿੰਦਾ ਹੈ ਜਦੋਂ ਤੱਕ ਕਿ delete ਉਪਰੇਟਰ ਦੁਆਰਾ ਉਸ ਨੂੰ ਬਾਹਰੀ ਤੌਰ ਤੇ ਨਸ਼ਟ (Destroy) ਨਹੀਂ ਕਰ ਦਿੱਤਾ ਜਾਂਦਾ। ਇਸ ਤਰ੍ਹਾਂ ਇਕ ਆਬਜੈਕਟ ਦੇ ਜੀਵਨ ਸਮੇਂ (Life time) ਦਾ ਕੰਟਰੋਲ ਸਿੱਧੇ ਤੌਰ ਤੇ ਸਾਡੇ ਹੱਥ ਵਿਚ ਰਹਿੰਦਾ ਹੈ ਤੇ ਇਸ ਦਾ ਪ੍ਰੋਗਰਾਮ ਦੇ ਬਲਾਕ ਸਟਰਕਚਰ ਨਾਲ ਕੋਈ ਸੰਬੰਧ ਨਹੀਂ ਹੁੰਦਾ।

new ਉਪਰੇਟਰ ਦੀ ਵਰਤੋਂ ਹੇਠ ਲਿਖੇ ਤਰੀਕੇ ਨਾਲ ਕੀਤੀ ਜਾ ਸਕਦੀ ਹੈ :

Pointer – Variable = new data-type ;

new ਉਪਰੇਟਰ ਡਾਟਾ ਆਬਜੈਕਟ ਲਈ ਲੋੜ ਅਨੁਸਾਰ ਮੈਮਰੀ ਐਲੋਕੇਟ ਕਰ ਦਿੰਦਾ ਹੈ ਤੇ ਆਬਜੈਕਟ ਦਾ ਐਡਰੈਸ (Address) ਵਾਪਿਸ ਕਰਦਾ ਹੈ। ਡਾਟਾ ਟਾਈਪ ਕੋਈ ਵੀ ਵੇਲਿਡ ਡਾਟਾ–ਟਾਈਪ ਹੋ ਸਕਦੀ ਹੈ। Pointer-Variable ਪੁਆਇੰਟਰ ਵੇਰੀਏਬਲ ਐਲੋਕੇਟ ਕੀਤੇ ਹੋਏ ਮੈਮਰੀ ਸਪੇਸ ਦਾ ਐਡਰੇਸ ਰੱਖਦਾ ਹੈ।

ਉਦਾਹਰਣ 2.14 :

p = new float ;
q = new int ;

ਇੱਥੇ *p,* float ਟਾਈਪ ਦਾ ਪੁਆਇੰਟਰ ਹੈ ਤੇ *q,* int ਟਾਈਪ ਦਾ ਪੁਆਇੰਟਰ ਹੈ।

ਅਸੀਂ New ਉਪਰੇਟਰ ਦੀ ਵਰਤੋਂ ਕਰਕੇ ਮੈਮਰੀ ਨੂੰ ਇਨਿਸ਼ਲਾਈਜ਼ਡ (intialized) ਵੀ ਕਰ ਸਕਦੇ ਹਾਂ। ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ :

Pointer – Variable = new data-type (Value)

ਜਿਵੇਂ ਕਿ—

int * *p*= new int (25)
float * *q* = new float (7.5) ;

new ਉਪਰੇਟਰ ਨੂੰ ਅਸੀਂ ਕਿਸੇ ਵੀ ਡਾਟਾ–ਟਾਈਪ ਲਈ ਮੈਮਰੀ ਸਪੇਸ ਕਰੀਏਟ ਕਰਨ ਲਈ ਵੀ ਵਰਤ ਸਕਦੇ ਹਾਂ (user-defined ਡਾਟਾ ਟਾਈਪਸ ਲਈ ਵੀ।) ਜਿਵੇਂ ਕਿ arrays, structures ਅਤੇ classes ਇਕ ਡਾਇਮੇਨਸ਼ਨਲ (dimensional) ਐਰੇ ਲਈ ਮੈਮਰੀ ਸਪੇਸ ਬਣਾਉਣ (create) ਲਈ ਤਰੀਕਾ ਹੇਠ ਲਿਖੇ ਅਨੁਸਾਰ ਹੈ :

int * *p* = new int [10]

ਮਲਟੀ ਡਾਈਮੇਨਸ਼ਨਲ ਐਰੇ ਲਈ :

```
array_ptr = new int [3] [5] [4] ;     //legal
array_ptr = new int [m] [5] [4] ;     //legal
array_ptr = new int [3] [5] [ ] ;     //illegal
array_ptr = new int [ ] [5] [4] ;     //illegal
```

ਜਦੋਂ ਡਾਟਾ ਆਬਜੈਕਟ ਦੀ ਲੋੜ ਨਹੀਂ ਰਹਿੰਦੀ ਤਾਂ ਮੈਮਰੀ ਸਪੇਸ ਨੂੰ ਫਰੀ (free) ਕਰਵਾਉਣ ਲਈ delete ਉਪਰੇਟਰ ਦੀ ਵਰਤੋਂ ਕੀਤੀ ਜਾਂਦੀ ਹੈ।

ਇਸ ਦਾ ਤਰੀਕਾ ਹੇਠਾਂ ਲਿਖੇ ਅਨੁਸਾਰ ਹੈ—

delete pointer-variable

ਇੱਥੇ ਪੁਆਇੰਟਰ ਵੇਰੀਏਬਲ ਉਹ ਪੁਆਇੰਟਰ ਹੈ ਜੋ new ਉਪਰੇਟਰ ਦੀ ਵਰਤੋਂ ਕਰਕੇ ਬਣਾਏ ਗਏ ਡਾਟਾ ਆਬਜੈਕਟ ਦੀ ਤਰਫ ਪੁਆਇੰਟ ਕਰਦਾ ਹੈ।
ਜਿਵੇਂ ਕਿ

delete *p* ;
delete *q* ;

ਜੇਕਰ ਅਸੀਂ ਡਾਇਨਾਮਿਕ ਤਰੀਕੇ ਨਾਲ ਐਲੋਕੇਟ ਹੋਏ ਐਰੇ ਦੀ ਮੈਮਰੀ ਨੂੰ ਫਰੀ (free) ਕਰਵਾਉਣਾ ਚਾਹੁੰਦੇ ਹਾਂ ਤਾਂ ਹੇਠਾਂ ਲਿਖਿਆ ਤਰੀਕਾ ਅਪਣਾਉਣਾ ਪਵੇਗਾ—

delete [size] pointer_variable ;

2.15 ਆਈ.ਉ. ਸਟਰੀਮਸ (I.O. Streams)

ਅਸੀਂ ਆਪਣੇ ਪ੍ਰੋਗਰਾਮ ਵਿਚ ਹੇਠਾਂ ਲਿਖਿਆ # include directive ਵਰਤਦੇ ਹਾਂ :

include < iostream >

ਇਹ directive, preprocessor ਇਕ iostream ਫਾਈਲ ਦੇ contents ਦਾਖਲ ਕਰਨ ਲਈ ਕਹਿੰਦਾ ਹੈ। ਇਸ ਵਿਚ ''cout ਤੇ ਉਪਰੇਟਰ <<'' ਅਤੇ ''cin ਤੇ ਉਪਰੇਟਰ >>'' ਦੀ ਡਿਕਲੇਅਰੇਸ਼ਨ (declaration) ਸ਼ਾਮਲ ਹੁੰਦੀਆਂ ਹਨ।
ਹੇਡਰ ਫਾਈਲ (header file) iostream ਉਨ੍ਹਾਂ ਸਾਰੇ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਲਿਖਣੀ ਚਾਹੀਦੀ ਹੈ ਜੋ Input/Output ਸਟੇਟਮੈਂਟ ਦੀ ਵਰਤੋਂ ਕਰ ਰਹੇ ਹੁੰਦੇ ਹਨ।

2.16 Comparison of cout & cin with printf & scanf

ਅਸੀਂ ਜਾਣਦੇ ਹਾਂ ਕਿ C++, C ਭਾਸ਼ਾ ਦਾ ਸੁਪਰ ਸੈਟ ਹੈ, ਜੋ ਕੁਝ ਕੰਮ ਅਸੀਂ C ਵਿਚ ਕਰਦੇ ਹਾਂ ਅਤੇ ਜਿਨ੍ਹਾਂ ਚੀਜ਼ਾਂ ਦੀ ਵਰਤੋਂ ਅਸੀਂ C ਵਿਚ ਕਰਦੇ ਹਾਂ, ਅਸੀਂ C++ ਵਿਚ ਵੀ ਉਸ ਨੂੰ ਵਰਤ ਸਕਦੇ ਹਾਂ।

printf ਅਤੇ scanf

printf( ) C ਵਿਚ ਵਰਤੀਆਂ ਜਾਣ ਵਾਲਾ ਇਕ ਆਊਟਪੁਟ function ਹੈ। scanf( ) ਇਕ ਇਨਪੁਟ ਫੰਕਸ਼ਨ ਹੈ। ਇਹ ਦੋਨੋਂ ਫੰਕਸ਼ਨ header file < stdio.h > ਵਿਚ ਪਰਿਭਾਸ਼ਿਤ ਹੁੰਦੇ ਹਨ। ਇਨ੍ਹਾਂ ਦੋਨੋਂ ਫੰਕਸ਼ਨਸ ਦੀ ਵਰਤੋਂ ਅਸੀਂ C++ ਵਿਚ ਵੀ ਕਰ ਸਕਦੇ ਹਾਂ।
C++ ਵਿਚ ਦੋ ਹੋਰ ਫੰਕਸ਼ਨ ਇਸ ਕੰਮ ਲਈ ਵਰਤੇ ਜਾਂਦੇ ਹਨ cout ਅਤੇ cin.
ਇਹ ਦੋਨੋਂ ਫੰਕਸ਼ਨ >> (Input) ਅਤੇ << (Output) operator ਦੇ ਨਾਲ ਕੰਮ ਕਰਦੇ ਹਨ।

ਨੋਟ : ਜੇਕਰ ਸਪੀਡ ਦੇ ਬਾਰੇ ਗੱਲ ਕਰੀਏ ਤਾਂ printf ( ) ਤੇ scanf( ) ਦੀ ਸਪੀਡ cout ਅਤੇ cin ਨਾਲੋਂ ਜ਼ਿਆਦਾ ਹੈ। ਪਰ Formatting ਕਰਦੇ ਸਮੇਂ printf ਅਤੇ scanf ਵਿਚ ਕੰਮ ਗੁੰਝਲਦਾਰ ਹੋ ਜਾਂਦਾ ਹੈ।
cout ਅਤੇ cin ਵਿਚ ਇਸ ਤਰ੍ਹਾਂ ਦੀ ਕੋਈ ਮੁਸ਼ਕਿਲ ਫਾਰਮੈਟਿੰਗ (Formatting) ਸਮੇਂ ਤੇ ਨਹੀਂ ਆਉਂਦੀ।

ਯਾਦ ਰੱਖਣ ਯੋਗ ਗੱਲਾਂ (Points to Remember) :

1. C++ ਇਕ ਆਬਜੈਕਟ ਓਰੀਐਂਟਿਡ ਭਾਸ਼ਾ (OOP) ਹੈ।
2. C++ ਵਿਚ cin ਦੇ ਨਾਲ >> ਉਪਰੇਟਰ (Input operator) ਦੀ ਵਰਤੋਂ ਕੀਤੀ ਜਾਂਦੀ ਹੈ।
3. C++ ਵਿਚ cout ਦੇ ਨਾਲ << ਉਪਰੇਟਰ (Output operator) ਦੀ ਵਰਤੋਂ ਕੀਤੀ ਜਾਂਦੀ ਹੈ।
4. C++ ਵਿਚ ਵੇਰੀਏਬਲ ਨੂੰ ਘੋਸ਼ਿਤ (Declare) ਕਰਨਾ ਜ਼ਰੂਰੀ ਹੈ।
5. C ਦੇ ਸਾਰੇ ਉਪਰੇਟਰ C++ ਵਿਚ ਉਪਲਬਧ ਹਨ।
6. ਇਕ ਫੰਕਸ਼ਨ ਪ੍ਰੋਗਰਾਮ ਵਿਚ ਦਿੱਤੀ ਹੋਈ ਹਦਾਇਤਾਂ ਦਾ ਇਕ ਸਮੂਹ ਹੈ ਜੋ ਕਿ ਇਕ ਖ਼ਾਸ ਕੰਮ ਨੂੰ ਕਰਨ ਲਈ ਬਣਾਇਆ ਜਾਂਦਾ ਹੈ।
7. ਇਨਸਾਈਨ ਫੰਕਸ਼ਨ # define macros ਦੇ ਬਰਾਬਰ ਹੁੰਦੇ ਹਨ।
8. ਫੰਕਸ਼ਨ ਬਲਾਕ ਦੇ ਅੰਦਰ ਘੋਸ਼ਿਤ ਕੀਤੇ ਹੋਏ ਵੇਰੀਏਬਲ ਨੂੰ ਲੋਕਲ ਵੇਰੀਏਬਲ ਕਿਹਾ ਜਾਂਦਾ ਹੈ।
9. ਫੰਕਸ਼ਨ ਬਲਾਕ ਦੇ ਬਾਹਰ ਘੋਸ਼ਿਤ ਕੀਤੇ ਹੋਏ ਵੇਰੀਏਬਲ ਨੂੰ ਗਲੋਬਲ ਵੇਰੀਏਬਲ ਕਿਹਾ ਜਾਂਦਾ ਹੈ।
10. new ਅਤੇ delete ਉਪਰੇਟਰ ਮੈਮਰੀ ਐਲੋਕੇਸ਼ਨ ਅਤੇ ਡੀ–ਐਲੋਕੇਸ਼ਨ ਦਾ ਕੰਮ ਕਰਦੇ ਹਨ।

ਅਭਿਆਸ (Exercise)

1. ਖਾਲੀ ਥਾਵਾਂ ਭਰੋ—

1. ..... ਉਪਰੇਟਰ ਨੂੰ ਆਊਟਪੁਟ (Output) ਉਪਰੇਟਰ ਕਿਹਾ ਜਾਂਦਾ ਹੈ।
2. ਇਨਲਾਈਨ ਫੰਕਸ਼ਨ ..... ਦੇ ਬਰਾਬਰ ਹੁੰਦੇ ਹਨ।
3. C++ ਦੇ ਫੰਕਸ਼ਨਜ਼ ਵਿਚ ਆਰਗੂਮੈਂਟ ਲਈ ..... ਪਰਿਭਾਸ਼ਿਤ ਕਰਨ ਦੀ ਸਮਰੱਥਾ ਹੁੰਦੀ ਹੈ।
4. new ਉਪਰੇਟਰ ਦੀ ਵਰਤੋਂ ..... ਲਈ ਕੀਤੀ ਜਾਂਦੀ ਹੈ।
5. C ਅਤੇ C++ ਕੰਪਾਈਲਰ ਸਾਰੀ ..... ਡਾਟਾ ਟਾਈਪ ਨੂੰ ਸਮਰਥਨ ਦਿੰਦਾ ਹੈ।

2. ਪ੍ਰਸ਼ਨਾਂ ਦੇ ਉੱਤਰ ਦਿਉ—

1. C++ ਭਾਸ਼ਾ ਦੇ ਇਤਿਹਾਸ ਬਾਰੇ ਜਾਣਕਾਰੀ ਦਿਉ।
2. C++ ਵਿਚ ਵੇਰੀਏਬਲ ਡੈਕਲੇਰੇਸ਼ਨ ਕਿਵੇਂ ਕੀਤੀ ਜਾਂਦੀ ਹੈ ?
3. C++ ਵਿਚ ਵਰਤੇ ਜਾਣ ਵਾਲੇ ਉਪਰੇਟਰਾਂ ਬਾਰੇ ਦੱਸੋ।
4. ਇਨਲਾਈਨ ਫੰਕਸ਼ਨ ਤੇ ਇਕ ਨੋਟ ਲਿਖੋ।
5. ਫੰਕਸ਼ਨ ਓਵਰਲੋਡਿੰਗ ਕੀ ਹੈ ?
6. ਰੈਫਰੈਂਸ (Reference) ਅਤੇ ਪੁਆਇੰਟਰ ਵਿਚ ਅੰਤਰ ਲਿਖੋ।
7. new ਉਪਰੇਟਰ ਦੀ ਵਰਤੋਂ ਕਰਕੇ ਮੈਮਰੀ ਐਲੋਕੇਸ਼ਨ ਦੀ ਪ੍ਰਕ੍ਰਿਆ ਦਾ ਵਰਣਨ ਕਰੋ।
8. cout ਅਤੇ cin ਵਿਚ ਅੰਤਰ ਲਿਖੋ।

Lab Activity

Program 1:

```
// my first program in C++

#include <iostream.h>
using namespace std;

int main()
{
cout<< "Hello World!";
return 0;
}
```

Program2:

```
// my second program in C++

#include <iostream.h>

using namespace std;

int main()
{
cout<<"Hello World! ";
cout<<"I'm a C++ program";
return 0;
}
```

Program 3:

```
/* my second program in C++

with more comments */

#include <iostream.h>
using namespace std;

int main()
{
cout<<"Hello World! ";     // prints Hello World!
cout<<"I'm a C++ program"; // prints I'm a C++ program
return 0;
}
```

Program 4:

```
// operating with variables

#include <iostream.h>
using namespace std;

int main()
{
// declaring variables:
```

```
int a, b;
int result;

// process:
  a = 5;
  b = 2;
  a = a + 1;
  result = a - b;

// print out the result:
cout<< result;

// terminate the program:
return 0;
}
```

Program 5:

```
// initialization of variables

#include <iostream.h>
using namespace std;

int main()
{
int a=5;               // initial value = 5
int b(2);              // initial value = 2
int result;            // initial value undetermined

  a = a + 3;
result = a - b;
cout<< result;

return 0;
}
```

Program 6:

```
// defined constants: calculate circumference

#include <iostream.h>
using namespace std;

#define PI 3.14159
#define NEWLINE '\n'

int main()
{
double r=5.0;               // radius
double circle;

  circle = 2 * PI * r;
cout<< circle;
cout<< NEWLINE;

return 0;
}
```

Program 7:

```
// assignment operator

#include <iostream.h>
using namespace std;

int main()
{
int a, b;         // a:?,  b:?
  a = 10;           // a:10, b:?
  b = 4;            // a:10, b:4
  a = b;            // a:4,  b:4
  b = 7;            // a:4,  b:7

cout<<"a:";
cout<< a;
```

```
cout<<" b:";
cout<< b;

return 0;
}
```

Program 8:

```
// compound assignment operators

#include <iostream.h>
using namespace std;

int main()
{
int a, b=3;
  a = b;
a+=2;              // equivalent to a=a+2
cout<< a;
return 0;
}
```

Program 9:

```
// conditional operator

#include <iostream.h>
using namespace std;

int main()
{
inta,b,c;

  a=2;
  b=7;
  c = (a>b) ?a : b;

cout<< c;

return 0;
}
```

Program 10:

```
/ i/o example

#include <iostream.h>
using namespace std;

int main()
{
int i;
cout<<"Please enter an integer value: ";
cin>> i;
cout<<"The value you entered is "<< i;
cout<<" and its double is "<< i*2 <<".\n";
return 0;
}
```

Program 11:

```
// function example
#include <iostream.h>
using namespace std;
int addition (int a, int b)
{
int r;
  r=a+b;
return (r);
}

int main()
{
int z;
  z = addition (5,3);
cout<<"The result is "<< z;
return 0;
}
```

Program 12

// function example

```
#include <iostream.h>
using namespace std;

int subtraction (int a, int b)
{
int r;
  r=a-b;
return (r);
}

int main()
{
int x=5, y=3, z;
  z = subtraction (7,2);
cout<<"The first result is "<< z <<'\n';
cout<<"The second result is "<< subtraction (7,2) <<'\n';
cout<<"The third result is "<< subtraction (x,y) <<'\n';
  z= 4 + subtraction (x,y);
cout<<"The fourth result is "<< z <<'\n';
return 0;
}
```

Program 13

```
// void function example
#include <iostream.h>
using namespace std;

void printmessage()
{
cout<<"I'm a function!";
}

int main()
{
printmessage();
return 0;
}
```

Program 14

```
// passing parameters by reference
#include <iostream.h>
using namespace std;

void duplicate(int& a, int& b, int& c)
{
  a*=2;
  b*=2;
  c*=2;
}


int main()
{
int x=1, y=3, z=7;
  duplicate (x, y, z);
cout<< "x=" << x << ", y=" << y << ", z=" << z;
return 0;
}
```

Program 15:

```
// more than one returning value
#include <iostream.h>
using namespace std;

voidprevnext(int x, int&prev, int& next)
{
```

```
prev = x-1;
next = x+1;
}

int main()
{
int x=100, y, z;
prevnext (x, y, z);
cout<<"Previous="<< y <<", Next="<< z;
return 0;
}
```

Program 16

```
// default values in functions
#include <iostream.h>
using namespace std;

int divide(int a, int b=2)
{
int r;
  r=a/b;
return (r);
}

int main()
{
cout<< divide (12);
cout<<endl;
cout<< divide (20,4);
return 0;
}
```

Program 17

```
// overloaded function
#include <iostream.h>
using namespace std;

int operate(int a, int b)
{
return (a*b);
}

float operate(float a, float b)
{
return (a/b);
}

int main()
{
int x=5,y=2;
float n=5.0,m=2.0;
cout<< operate (x,y);
cout<<"\n";
cout<< operate (n,m);
cout<<"\n";
return 0;
}
```

Program 18

```
// factorial calculator
#include <iostream.h>
using namespace std;

long factorial(long a)
{
if (a > 1)
return (a * factorial (a-1));
else
return(1);
}

int main()
{
```

```
long number;
cout<<"Please type a number: ";
cin>> number;
cout<< number <<"! = "<< factorial (number);
return 0;
}
```

Program 19

```
// declaring functions prototypes
#include <iostream.h>
using namespace std;

void odd(int a);
void even(int a);

int main()
{
int i;
do {
cout<<"Type a number (0 to exit): ";
cin>> i;
odd (i);
  } while (i!=0);
return 0;
}

void odd(int a)
{
if ((a%2)!=0) cout<<"Number is odd.\n";
else even(a);
}

void even(int a)
{
if ((a%2)==0) cout<<"Number is even.\n";
else odd(a);
}
```

Program 20

```
/ rememb-o-matic using new and delete operator
#include <iostream.h>
#include <new>
using namespace std;

int main()
{
int i,n;
int * p;
cout<<"How many numbers would you like to type? ";
cin>> i;
  p= new (nothrow) int[i];
if (p == 0)
cout<<"Error: memory could not be allocated";
else
  {
for (n=0; n<i; n++)
    {
cout<<"Enter number: ";
cin>> p[n];
    }
cout<<"You have entered: ";
for (n=0; n<i; n++)
cout<< p[n] <<", ";
delete[] p;
  }
return 0;
}
```

Exercise

1. Point out the errors, if any, in the following programs
   a.
```
void main()
{
int  a=30;
f();
}
void f()
{
int b=20;
}
```
   b.
```
#include <iostream.h>
void main()
{
void fun1(void);
void fun2(void);
fun1();
}
void fun1 (void)
{
fun2();
cout<<endl<<"hi…Hello";
}
void fun2(void)
{
cout<<endl<<"to you";
}
```

2. Show the output of the following Programs
   a.
```
#include <iostream.h>
void main()
{
floatr,a;
const float PI=3.14;
cin>>r;
a=PI*r*r;
cout<<endl<<"area of circle="<<a;
}
```
   b.
```
#include <iostream.h>
inline float mul(float x, float y)
{
        return(x*y);
}
inline double div(double p, double q)
{
        return (p/q);
}
int main()
{
float a=12.345;
```

```
float b=9.82;
cout<<mul(a,b) <<“\n”;
cout<<div(a,b) <<“\n”;
return 0;
}
```

ਪਾਠ 3

C++ ਕਲਾਸ ਕਾਨਸੈਪਟ

3.1 C++ Class Concept

ਕਲਾਸ ਇਕ ਤਰੀਕਾ ਹੈ ਜਿਸ ਦੁਆਰਾ ਅਸੀਂ ਡਾਟਾ ਅਤੇ ਉਸ ਨਾਲ ਸੰਬੰਧਿਤ ਫੰਕਸ਼ਨਜ਼ ਨੂੰ ਇਕੱਠਾ ਜੋੜਦੇ ਹਾਂ ਜੇ ਜ਼ਰੂਰੀ ਹੋਵੇ ਤਾਂ ਇਹ ਡਾਟਾ ਅਤੇ ਫੰਕਸ਼ਨਜ਼ ਨੂੰ ਬਾਹਰੀ ਵਰਤੋਂ ਤੋਂ ਛੁਪਾਉਣ ਦੀ ਆਗਿਆ ਦਿੰਦਾ ਹੈ। ਜਦੋਂ ਕਲਾਸ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਅਸੀਂ ਇਕ ਨਵੀਂ ਐਬਸਟਰੈਕਟ ਡਾਟਾ ਟਾਈਪ ਕਰੀਏਟ ਕਰਦੇ ਹਾਂ ਜੋ ਕਿ ਹੋਰ ਬਿਲਟ-ਇਨ ਡਾਟਾ ਟਾਈਪ ਦੀ ਤਰ੍ਹਾਂ ਹੁੰਦੀ ਹੈ।

ਕਲਾਸ ਨੂੰ ਡਿਕਲੇਅਰ ਕਰਨ ਦਾ ਤਰੀਕਾ——

```
class class name
{
    private:
variable declarations ;
    function declarations ;
public ;
variable declarations ;
    function declarations;
}
```

ਕਲਾਸ (class) ਦੀ ਬਾਡੀ (body) ਨੂੰ ਬਰੈਕਟਾਂ ਵਿਚ ਲਿਖਿਆ ਜਾਂਦਾ ਹੈ ਅਤੇ ਉਸ ਨੂੰ ਸੈਮੀ ਕਾਲਮ; ਨਾਲ ਖ਼ਤਮ ਕੀਤਾ ਜਾਂਦਾ ਹੈ। ਕਲਾਸ ਬਾਡੀ ਵਿਚ ਵੇਰੀਏਬਲ ਅਤੇ ਫੰਕਸ਼ਨਜ਼ ਨੂੰ ਡਿਕਲੇਅਰ ਕੀਤਾ ਜਾਂਦਾ ਹੈ। ਇਹਨਾਂ ਵੇਰੀਏਬਲ ਅਤੇ ਫੰਕਸ਼ਨਜ਼ ਨੂੰ ਕਲਾਸ ਮੈਂਬਰਜ਼ (class members) ਕਿਹਾ ਜਾਂਦਾ ਹੈ।

ਇਨ੍ਹਾਂ ਨੂੰ 2 ਭਾਗਾਂ ਵਿਚ ਵੰਡਿਆ ਗਿਆ ਹੈ—— ਪ੍ਰਾਈਵੇਟ (private) ਅਤੇ ਪਬਲਿਕ (public) ਜਿਸ ਤੋਂ ਦਰਸਾਇਆ ਜਾਂਦਾ ਹੈ ਕਿ ਕਿਹੜੇ ਮੈਂਬਰ ਪ੍ਰਾਈਵੇਟ (private) ਦੇ ਅਤੇ ਕਿਹੜੇ ਮੈਂਬਰ ਪਬਲਿਕ (public) ਹਨ। ਪ੍ਰਾਈਵੇਟ ਅਤੇ ਪਬਲਿਕ ਕੀ ਵਰਡਜ਼ ਨੂੰ ਅਸੈਸ ਸਪੈਸੀਫਾਇਰ ਕਿਹਾ ਜਾਂਦਾ ਹੈ।

ਜਿਹੜੇ ਕਲਾਸ ਮੈਂਬਰਜ ਨੂੰ ਪ੍ਰਾਈਵੇਟ ਡਿਕਲੇਅਰ ਕੀਤਾ ਜਾਂਦਾ ਹੈ, ਉਹ ਕਲਾਸ ਦੇ ਨਾਲ ਹੀ ਅਸੈਸ ਕੀਤੇ ਜਾਂਦੇ ਹਨ। ਜਦਕਿ ਪਬਲਿਕ ਮੈਂਬਰਜ਼ ਕਲਾਸ ਦੇ ਬਾਹਰ ਤੋਂ ਵੀ ਅਸੈਸ ਕੀਤੇ ਜਾ ਸਕਦੇ ਹਨ।

ਪ੍ਰਾਈਵੇਟ ਕੀ ਵਰਡ ਦੀ ਵਰਤੋਂ ਚੋਣਵੀਂ ਹੁੰਦੀ ਹੈ। ਕਲਾਸ ਦੇ ਮੈਂਬਰਜ਼ ਜੋ ਕਿ ਡਿਫਾਲਟ ਹੀ ਪ੍ਰਾਈਵੇਟ ਹੁੰਦੇ ਹਨ।

3.1.1 ਡਾਟਾ ਮੈਂਬਰਜ ਅਤੇ ਮੈਂਬਰ ਫੰਕਸ਼ਨਜ਼—— ਜਿਹੜੇ ਵੇਰੀਏਬਲ ਕਲਾਸ ਦੇ ਅੰਦਰ ਡਿਕਲੇਅਰ ਕੀਤੇ ਜਾਂਦੇ ਹਨ ਉਹਨਾਂ ਨੂੰ ਡਾਟਾ ਮੈਂਬਰਜ਼ ਕਿਹਾ ਜਾਂਦਾ ਹੈ ਅਤੇ ਫੰਕਸ਼ਨਜ਼ ਨੂੰ ਮੈਂਬਰ ਫੰਕਸ਼ਨਜ਼ ਕਿਹਾ ਜਾਂਦਾ ਹੈ। ਸਿਰਫ ਮੈਂਬਰਜ਼ ਫੰਕਸ਼ਨਜ਼ ਹੀ ਪ੍ਰਾਇਵੇਟ ਡਾਟਾ ਮੈਂਬਰਜ਼ ਅਤੇ ਪ੍ਰਾਈਵੇਟ ਫੰਕਸ਼ਨਜ਼ ਅਸੈਸ ਕਰ ਸਕਦੇ ਹਨ।

3.1.2 ਆਬਜੈਕਟ ਕਰੀਏਟ ਕਰਨਾ—— ਇਕ ਵਾਰ ਜਦੋਂ ਕਲਾਸ ਡਿਕਲੇਅਰ ਕਰ ਦਿੱਤੀ ਜਾਂਦੀ ਹੈ ਤਾਂ ਅਸੀਂ class name ਦੀ ਵਰਤੋਂ ਕਰਕੇ ਉਸ ਟਾਈਪ ਦੇ ਵੇਰੀਏਬਲਜ਼ ਕਰੀਏਟ ਕਰ ਸਕਦੇ ਹਾਂ।

ਉਦਾਹਰਣ :

item *x* ; // memory for *x* is created

C++ ਵਿਚ ਕਲਾਸ ਵੇਰੀਏਬਲਜ਼ ਨੂੰ ਆਬਜੈਕਟ ਕਿਹਾ ਜਾਂਦਾ ਹੈ। ਇਸ ਕਰਕੇ *x* ਨੂੰ ਇਕ ਟਾਈਪ (item) ਦਾ ਆਬਜੈਕਟ ਕਿਹਾ ਜਾਂਦਾ ਹੈ। ਅਸੀਂ ਇਕ ਸਟੇਟਮੈਂਟ ਵਿਚ ਇਕ ਤੋਂ ਜ਼ਿਆਦਾ ਆਬਜੈਕਟ ਡਿਕਲੇਅਰ ਕਰ ਸਕਦੇ ਹਾਂ।

ਉਦਾਹਰਣ : item *x, y, z* ;

ਜਦੋਂ ਕਲਾਸ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਉਸ ਦੀ } ਬਰੈਕਟ ਬੰਦ ਕਰਨ ਤੋਂ ਬਾਅਦ ਵੀ ਆਬਜੈਕਟ ਦਾ ਨਾਮ ਲਿਖ ਕੇ ਵੀ ਆਬਜੈਕਟ ਨੂੰ ਕਰੀਏਟ ਕੀਤਾ ਜਾ ਸਕਦਾ ਹੈ।

```
class item
{
    .....
    .....
    .....
}
x, y, z ;
```

ਕਲਾਸ ਮੈਂਬਰਜ਼ ਨੂੰ ਅਸੈਸ ਕਰਨਾ—— ਮੈਂਬਰਜ਼ ਫੰਕਸ਼ਨ ਨੂੰ ਕਾਲ (Call) ਕਰਨ ਦਾ ਫਾਰਮੈਟ ਹੇਠ ਲਿਖੇ ਅਨੁਸਾਰ ਹੈ——

Object_name : function function-name (actual-argument) ;

3.1.3 ਮੈਂਬਰਜ਼ ਫੰਕਸ਼ਨ ਨੂੰ ਪਰਿਭਾਸ਼ਿਤ ਕਰਨਾ

ਮੈਂਬਰ ਫੰਕਸ਼ਨ ਨੂੰ ਦੋ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ :

1. ਕਲਾਸ ਪਰਿਭਾਸ਼ਾ ਦੇ ਬਾਹਰ
2. ਕਲਾਸ ਪਰਿਭਾਸ਼ਾ ਦੇ ਅੰਦਰ

3.1.3.1 ਕਲਾਸ ਡੈਫੀਨੇਸ਼ਨ ਦੇ ਬਾਹਰ:

ਤਰੀਕਾ——

```
return type class-name :: function-name(argument declaration)
{
    function body
  }
```

ਲੇਬਲ (Lable) classname :: ਇਹ ਕੰਪਾਇਲਰ ਨੂੰ ਦੱਸਦਾ ਹੈ ਕਿ ਦਿੱਤਾ ਗਿਆ ਫੰਕਸ਼ਨ ਕਲਾਸ ਦੇ ਨਾਲ ਸੰਬੰਧਿਤ ਹੈ ਜਿਸ ਦਾ ਅਰਥ ਹੈ

ਕਿ ਇਹ ਫੰਕਸ਼ਨ ਦੀ ਸੰਭਾਵਨਾ (Scope) ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਚਿੰਨ੍ਹ :: ਨੂੰ (Scope Resolution operator) ਸਕੋਪ ਰੈਸੋਲਿਊਸ਼ਨ ਓਪਰੇਟਰ ਆਖਦੇ ਹਨ।

ਮੰਨ ਲਉ ਅਸੀਂ ਮੈਂਬਰ ਫੰਕਸ਼ਨ getdata( ) ਅਤੇ putdata( ) ਲੈਂਦੇ ਹਾਂ ਤਾਂ ਇਹਨਾਂ ਨੂੰ ਹੇਠ ਲਿਖੇ ਤਰੀਕੇ ਨਾਲ Code ਕੀਤਾ ਜਾਂਦਾ ਹੈ।

```
void item :: getdata (int a, float b)
{
    number = a ;
    cost = b ;
}
    void item :: putdata (void)
{
    cout << ‘‘number :’’
    cout << ‘‘cost :’’ << cost << ‘‘\n’’ ;
```

3.1.3.2 ਕਲਾਸ ਡੈਫੀਨੇਸ਼ਨ ਦੇ ਅੰਦਰ (Inside the class Definition)

ਜਦੋਂ ਫੰਕਸ਼ਨ ਨੂੰ ਕਲਾਸ ਦੇ ਅੰਦਰ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਇਹ ਇਨ ਲਾਈਨ (Inline) ਫੰਕਸ਼ਨ ਦੀ ਤਰ੍ਹਾਂ ਵਿਹਾਰ ਕਰਦਾ ਹੈ। ਕਲਾਸ ਦੇ ਅੰਦਰ ਪਰਿਭਾਸ਼ਿਤ ਕਰਨ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੈ——

ਮਿਸਾਲ

```
class item
{
    int number ;
    float cost ;
    public :
void getdata (int a, float b) ; //declaration
// inline function
void putdata (void) ; //definition inside the class
  {
    cout << number << ‘‘/n’’ ;
    cout << cost << ‘‘/n’’ ;
  }
};
```

ਜਦੋਂ ਫੰਕਸ਼ਨ ਨੂੰ ਕਲਾਸ ਦੇ ਅੰਦਰ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਇਸ ਨੂੰ ਇਨਲਾਇਨ ਫੰਕਸ਼ਨ ਕਿਹਾ ਜਾਂਦਾ ਹੈ।

3.2 ਸਟੈਟਿਕ ਡਾਟਾ ਮੈਂਬਰਜ਼

ਇਕ ਕਲਾਸ ਦੇ ਡਾਟਾ ਮੈਂਬਰਜ਼ ਸਟੈਟਿਕ (static) ਵੀ ਹੋ ਸਕਦੇ ਹਨ। ਇਕ ਸਟੈਟਿਕ ਮੈਂਬਰ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ :

* ਜਦੋਂ ਕਲਾਸ ਦਾ ਪਹਿਲਾ ਆਬਜੈਕਟ ਬਣਾਇਆ ਜਾਂਦਾ ਹੈ ਤਾਂ ਸਟੈਟਿਕ ਮੈਂਬਰ 0 ਤੋਂ ਇਨੀਸ਼ਲਾਈਜ਼ (initialize) ਹੋ ਜਾਂਦਾ ਹੈ। ਹੋਰ ਕਿਸੇ ਵੀ ਤਰ੍ਹਾਂ ਦੀ ਇਨੀਸ਼ਲਾਈਜ਼ ਦੀ ਆਗਿਆ ਨਹੀਂ ਹੈ।
* ਸਟੈਟਿਕ ਮੈਂਬਰ ਦੀ ਪੂਰੀ ਕਲਾਸ (class) ਦੇ ਲਈ ਇਕ ਹੀ ਕਾਪੀ ਬਣਾਈ ਜਾਂਦੀ ਹੈ ਅਤੇ ਇਹ ਕਲਾਸ ਦੇ ਸਾਰੇ ਆਬਜੈਕਟਸ ਦੁਆਰਾ ਸਾਂਝੀ ਕੀਤੀ ਜਾਂਦੀ ਹੈ।
* ਇਹ ਪੂਰਾ ਸਮਾਂ ਪ੍ਰੋਗਰਾਮ ਦੇ ਵਿਚ ਕੰਮ ਕਰਦਾ ਹੈ ਪਰ ਦਿੱਖਦਾ ਸਿਰਫ ਕਲਾਸ ਵਿਚ ਹੈ।

ਸਟੈਟਿਕ ਵੇਰੀਏਬਲਜ਼ ਉਹਨਾਂ ਕੀਮਤਾਂ ਦੀ ਸਾਂਭ ਸੰਭਾਲ ਲਈ ਵਰਤੀਆਂ ਜਾਂਦੀਆਂ ਹਨ ਜੋ ਕਿ ਸਾਰੀਆਂ ਕਲਾਸਾਂ ਨਾਲ ਸਾਂਝੀਆਂ ਹੁੰਦੀਆਂ ਹਨ।

3.3 ਸਟੈਟਿਕ ਮੈਂਬਰ ਫੰਕਸ਼ਨਜ਼ (Static Member Functions)

ਸਟੈਟਿਕ ਵੇਰੀਏਬਲ ਦੀ ਤਰ੍ਹਾਂ ਹੀ ਸਟੈਟਿਕ ਫੰਕਸ਼ਨ ਵੀ ਹੁੰਦੇ ਹਨ। ਇਕ ਮੈਂਬਰ ਫੰਕਸ਼ਨ ਜਿਸ ਨੂੰ ਅਸੀਂ ਸਟੈਟਿਕ ਬਣਾਉਂਦੇ ਹਾਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ :

* ਸਟੈਟਿਕ ਫੰਕਸ਼ਨ ਸਿਰਫ ਉਹਨਾਂ ਸਟੈਟਿਕ ਮੈਂਬਰਜ਼ ਨੂੰ ਅਸੈਸ ਕਰ ਸਕਦਾ ਹੈ ਜੋ ਇੱਕੋ ਜਿਹੀ ਕਲਾਸ (class) ਵਿਚ ਡਿਕਲੇਅਰ ਕੀਤੇ ਜਾਂਦੇ ਹਨ।
* ਇਕ ਸਟੈਟਿਕ ਮੈਂਬਰ ਫੰਕਸ਼ਨ ਨੂੰ ਇਕ ਕਲਾਸ ਦੀ ਵਰਤੋਂ ਕਰਕੇ ਵੀ ਬੁਲਾਇਆ (call) ਜਾ ਸਕਦਾ ਹੈ। ਜਿਵੇਂ ਹੇਠਾਂ ਦਿੱਤਾ ਗਿਆ ਹੈ :

class_name :: function_name ;

ਹੇਠ ਲਿਖਿਆ ਪ੍ਰੋਗਰਾਮ ਇਹਨਾਂ ਵਿਸ਼ੇਸ਼ਤਾਵਾਂ ਨੂੰ ਲਾਗੂ ਕਰਦਾ ਹੈ :

ਸਟੈਟਿਕ ਮੈਂਬਰ ਫੰਕਸ਼ਨਜ਼ (ਪ੍ਰੋਗਰਾਮ)

```
# include < iostream >
using namespace std ;
class test
{
    int code ;
    static int count ;  //static member variable
    public :
    void setcode (void)
{
    code = ++ count ;
}
void showcode (void)
{
    cout << ‘‘object number :’’ << code << ‘‘/4’’ ;
}
    static void showcount (void) // Static member function
  {
    cout << ‘‘count :’’ << count << ‘‘\n’’ ;
  }
};


int test :: count ;
int main ( )
{
test t1, t2 ;
t1 . setcode ( ) ;
t2 . setcode ( ) ;
test :: showcount ( ) ; // accessing static function
test t3 ;
t3 . setcode ( ) ;
test :: show count ( ) ;
t1 . show code ( ) ;
t2 . show code ( ) ;
t3 . show code ( ) ;
return 0 ;
}
```

3.4 ਫਰੈਂਡਲੀ ਫੰਕਸ਼ਨਜ਼ (friendly Functions)

ਅਸੀਂ ਸ਼ੁਰੂ ਤੋਂ ਹੀ ਇਸ ਅਭਿਆਸ ਵਿਚ ਦੱਸਦੇ ਆ ਰਹੇ ਹਾਂ ਕਿ ਪ੍ਰਾਈਵੇਟ ਮੈਂਬਰ (private Members) ਕਲਾਸ ਦੇ ਬਾਹਰ ਤੋਂ ਅਸੈਸ ਨਹੀਂ ਕੀਤੇ ਜਾ ਸਕਦੇ ਹਨ।

ਇਕ ਨਾਨ ਮੈਂਬਰ ਫੰਕਸ਼ਨ ਕਲਾਸ ਦੇ ਪ੍ਰਾਈਵੇਟ ਡਾਟਾ ਤੱਕ ਪਹੁੰਚ ਨਹੀਂ ਸਕਦਾ। ਉਸ ਹਾਲਤ ਵਿਚ ਅਸੀਂ ਦੋ ਕਲਾਸਾਂ ਨੂੰ ਇਕ ਫੰਕਸ਼ਨ ਸਾਂਝਾ ਕਰਨ ਦੀ ਆਗਿਆ ਦਿੰਦੇ ਹਾਂ।

ਉਸ ਹਾਲਤ ਵਿਚ C++ ਕਾਮਨ (Common) ਫੰਕਸ਼ਨ ਨੂੰ ਦੋਵਾਂ ਕਲਾਸ ਨਾਲ ਮਿੱਤਰਤਾ (friendly) ਵਾਲਾ ਬਣਾਇਆ ਜਾਂਦਾ ਹੈ ਅਤੇ ਫੰਕਸ਼ਨ ਨੂੰ ਕਲਾਸਾਂ ਦੇ ਪ੍ਰਾਈਵੇਟ ਡਾਟਾ ਨੂੰ ਅਸੈਸ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ। ਉਸ ਫੰਕਸ਼ਨ ਨੂੰ ਕਿਸੇ ਵੀ ਕਲਾਸ ਦਾ ਮੈਂਬਰ ਹੋਣ ਦੀ ਜ਼ਰੂਰਤ ਨਹੀਂ ਹੁੰਦੀ। ਜੇਕਰ ਬਾਹਰੀ ਫੰਕਸ਼ਨ ਨੂੰ ਇਕ ਕਲਾਸ ਨੂੰ friendly ਬਣਾਉਣਾ ਹੈ ਤਾਂ ਸਾਨੂੰ ਸਿੱਧੇ ਤੌਰ ਤੇ ਫੰਕਸ਼ਨ ਨੂੰ ਇਕ friend ਦੀ ਤਰ੍ਹਾਂ ਡਿਕਲੇਅਰ ਕੀਤਾ ਜਾਂਦਾ ਹੈ।

ਉਦਾਹਰਣ :

```
class ABC
{
        .....
        .....
        public
        .....
        .....
        friend void xyz (void) ; //declaration
};
```

ਫੰਕਸ਼ਨ ਡਿਕਲੇਅਰੇਸ਼ਨ ਨੂੰ ਕੀ ਵਰਡ friend ਨਾਲ ਡਿਕਲੇਅਰ ਕੀਤਾ ਜਾਂਦਾ ਹੈ। ਇਕ ਸਾਧਾਰਣ C++ ਫੰਕਸ਼ਨ ਦੀ ਤਰ੍ਹਾਂ ਕਿਤੇ ਵੀ ਡਿਕਲੇਅਰ ਕੀਤਾ ਜਾ ਸਕਦਾ ਹੈ।

ਹੇਠ ਲਿਖਿਆ ਪ੍ਰੋਗਰਾਮ friend Function ਦੀ ਵਰਤੋਂ ਦੱਸਦਾ ਹੈ।

FRIEND FUNCTION

```
# include < iostream >
using namespace std ;
class Sample
{
    int a ;
    int b ;
public :
    void setvalue ( ) {a = 25 ; b = 40 ;}
    friend float mean (sample S) ;
};
    float mean (sample S)
{
    return float (S.a + S.b) / 2.0 ;
}
    int main ( )
  {
    sample x ;    // object X
    X . setvalue ( ) ;
    cout << ‘‘Mean Value = ‘‘ << mean (x) << ‘‘/n’’ ;
    return 0 ;
}
```

3.5 ਕਾਂਸਟੈਂਟ ਮੈਂਬਰ ਫੰਕਸ਼ਨ (const. Member Functions)

ਜੇ ਕੋਈ ਮੈਂਬਰ ਫੰਕਸ਼ਨ ਕਿਸੇ ਵੀ ਕਲਾਸ ਦੇ ਡਾਟਾ ਨੂੰ ਬਦਲਣਾ (alter) ਨਹੀਂ ਚਾਹੁੰਦਾ ਤਾਂ ਇਸ ਨੂੰ const. Member Function ਬਣਾ ਦਿੰਦੇ ਹਨ। ਇਸ ਨੂੰ ਹੇਠ ਲਿਖੇ ਤਰੀਕੇ ਨਾਲ ਡਿਕਲੇਅਰ ਕਰ ਸਕਦੇ ਹਾਂ :

```
void mul (int, int) const ;
double get_balance ( ) const ;
```

3.5.1 ਕਾਂਸਟੈਂਟ ਕਲਾਸ ਆਬਜੈੱਕਟਸ

ਕਿਸੇ ਵੀ ਹੋਰ ਬਿਲਟ-ਇਨ-ਡਾਟਾ ਟਾਈਪ (Built-in-data type) ਦੀ ਤਰ੍ਹਾਂ ਅਸੀਂ ਕਲਾਸ ਦੇ ਆਬਜੈੱਕਟਸ ਨੂੰ ਵੀ ਕਾਂਸਟੈਂਟ ਬਣਾ ਸਕਦੇ ਹਾਂ।

```
const int nvalue = 5 ;
const int nvalue 2(7) ;
```

ਕਲਾਸਾਂ ਦੇ ਕੇਸ ਵਿਚ, ਇੰਸਲਾਈਜੇਸ਼ਨ (initialization) constructors ਦੇ ਜਰੀਏ ਕੀਤੀ ਜਾ ਸਕਦੀ ਹੈ।

```
const Date CDate ;
const Date CDate2 (10, 16, 20, 20) ;
```

ਜਦੋਂ ਕਲਾਸ ਆਬਜੈੱਕਟ ਨੂੰ Construction ਦੇ ਜਰੀਏ ਇਨੀਸ਼ਲਾਈਜ਼ਡ (initialized) ਕਰ ਦਿੱਤਾ ਜਾਂਦਾ ਹੈ ਤਾਂ ਇਸ ਦੇ ਮੈਂਬਰ ਵੇਰੀਏਬਲ ਨੂੰ ਬਦਲਣ (modify) ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਹੀਂ ਹੁੰਦੀ।

ਮਿਸਾਲ :

```
class Something
{
public :
    int m_nValue;
    Something ( ) { m_nValue = 0 ; )

    void Resetvalue ( )  { m_n Value = 0 ; }
    void Setvalue (int Value)  { m_n Value = nValue; }

    int Getvalue ( )  {return m_n Value; }
} ;
int main ( )
{
    const Something cSomething; // calls default constructor

    cSomething.m_nValue = 5 ; //violates const
    cSomething.ResetValue( ) ; //violates const
    cSomething.SetValue (5) ; //vilolates const
    return 0 ;
}
```

3.6 ਪੁਆਇੰਟਰ ਮੈਂਬਰਜ਼ (Pointers to Members)

ਇਕ ਕਲਾਸ ਦੇ ਮੈਂਬਰ ਦਾ ਪਤਾ (address) ਲੈ ਕੇ ਪੁਆਇੰਟਰ ਨੂੰ ਦਿੱਤਾ (assign) ਜਾ ਸਕਦਾ ਹੈ ਅਤੇ ਉਹ address, ਪੂਰੀ ਤਰ੍ਹਾਂ ਕੁਆਲੀਫਾਈਡ (fully qualified) ਓਪਰੇਟਰ, ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਕ ਕਲਾਸ ਮੈਂਬਰ ਪੁਆਇੰਟਰ ਓਪਰੇਟਰ :: ਦੀ ਵਰਤੋਂ ਕਰਕੇ ਡਿਕਲੇਅਰ ਕੀਤਾ ਜਾ ਸਕਦਾ ਹੈ।

```
class A
{
    private :
    int on ;
    public
    void show ( ) ;
} ;
```

ਅਸੀਂ ਮੈਂਬਰ *m* ਦੇ ਪੁਆਇੰਟਰ ਨੂੰ ਹੇਠਾਂ ਦਿਖਾਏ ਤਰੀਕੇ ਨਾਲ ਪਰਿਭਾਸ਼ਿਤ ਕਰ ਸਕਦੇ ਹਾਂ :

```
int A ::* iP = & A :: m ;
```

ਉੱਪਰ ਲਿਖੀ ਲਾਈਨ ਵਿਚ (A :: *) ਦਾ ਅਰਥ ਹੈ——

(Pointer-to-member of A class) ਅਤੇ (&A :: m) ਦਾ ਅਰਥ ਹੈ——(address of the m member of A class)

3.7 ਕੰਸਟਰਕਟਰਜ਼ (Constructors)

ਕੰਸਟਰਕਟਰਜ਼ ਇਕ ਖ਼ਾਸ ਮੈਂਬਰ ਫੰਕਸ਼ਨ ਹੈ ਜਿਸ ਦਾ ਕੰਮ ਕਲਾਸ (Class) ਦੇ ਆਬਜੈਕਟ (Object) ਨੂੰ ਇਨੀਸ਼ਲਾਈਜ਼ ਕਰਨਾ ਹੈ। ਇਹ ਪਾਸ ਹੈ ਕਿਉਂਕਿ ਇਸ ਦਾ ਨਾਮ ਕਲਾਸ ਨਾਮ (class name) ਦੀ ਤਰ੍ਹਾਂ ਹੈ। ਕੰਸਟਰਕਟਰਜ਼ ਨੂੰ ਉਦੋਂ ਬੁਲਾਇਆ ਜਾਂਦਾ ਹੈ ਜਦੋਂ ਉਸ ਨਾਲ ਸੰਬੰਧਤ ਆਬਜੈੱਕਟ ਸ (Objects) ਨੂੰ ਕਰੀਏਟ ਕੀਤਾ ਜਾਂਦਾ ਹੈ। ਇਹਨਾਂ ਨੂੰ ਕੰਸਟਰਕਟਰਜ਼ ਕਿਹਾ ਜਾਂਦਾ ਹੈ ਕਿਉਂਕਿ ਇਹ ਕਲਾਸ ਦੇ ਡਾਟਾ ਮੈਂਬਰ ਦੀਆਂ ਕੀਮਤਾਂ ਕੰਸਟਰਕਟ ਕਰਦੀਆਂ ਹਨ।

ਕੰਸਟਰਕਟਰ ਨੂੰ ਹੇਠਾਂ ਦਿਖਾਏ ਤਰੀਕੇ ਨਾਲ ਡਿਕਲੇਅਰ ਅਤੇ ਡਿਫਾਈਨ (Declare & Define) ਕੀਤਾ ਜਾਂਦਾ ਹੈ।

```
// class with constructor
class integer
{
    int m, n ;
    public ;
    integer (void) ;   //constructor declare
    .....
    .....
},
integer :: integer (void)  //constructor defined
  {
    m = 0 ; n = 0 ;
}
```

ਕੰਸਟਰਕਟਰਜ਼ ਫੰਕਸ਼ਨ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :

* ਉਹ ਹਮੇਸ਼ਾ ਪਬਲਿਕ ਸੈਕਸ਼ਨ ਵਿਚ ਡਿਕਲੇਅਰ ਕੀਤੇ ਜਾਣੇ ਚਾਹੀਦੇ ਹਨ।
* ਉਹ ਆਪਣੇ ਆਪ ਹੀ Call ਹੋ ਜਾਂਦੇ ਹਨ ਜਦੋਂ ਆਬਜੈਕਟ create ਕੀਤੇ ਜਾਂਦੇ ਹਨ।
* ਇਹ ਡਿਰਾਈਵਡ ਕਲਾਸ ਤੋਂ ਗ੍ਰਹਿਣ ਨਹੀਂ ਹੁੰਦੇ ਅਤੇ ਬੇਸ ਕਲਾਸ ਕੰਸਟਰਕਟਰਜ਼ (Base Class Constructor) ਨੂੰ ਕਾਲ (Call) ਕਰ ਸਕਦੇ ਹਨ।
* ਕੰਸਟਰਕਟਰਜ਼ virtual ਨਹੀਂ ਹੋ ਸਕਦੇ।
* ਅਸੀਂ ਇਹਨਾਂ ਦੇ ਐਡਰੈਸ ਨੂੰ ਸੰਬੋਧਨ ਨਹੀਂ ਕਰ ਸਕਦੇ।
* ਇਕ ਆਬਜੈਕਟ ਜੋ ਕਿ ਕੰਸਟਰਕਟਰ ਨਾਲ ਹੈ, ਉਸ ਨੂੰ ਯੂਨੀਅਨ (Union) ਦੇ ਮੈਂਬਰ ਦੀ ਤਰ੍ਹਾਂ ਨਹੀਂ ਵਰਤੇ ਜਾ ਸਕਦੇ।

ਮਿਸਾਲ—

class with constructor

```
# include < iostream >
using namespace std ;
class integer
  {
    int m, n ;
   public :
    integer (int, int) ;                    //constructor declared
    void display (void)
    {
    cout << ‘‘m = ’’ << m << ‘‘\n’’ ;
    cout << ‘‘n = ’’ << n << ‘‘\n’’ ;
  }
}
    integer :: integer (int x, int y)
    {
    m = x ; n = y ;                         //constructor defined
    }
    int main( )
    {
    integer int1 (0, 100) ;                 //constructo called implicit g.
    integer int2 = integer (25, 75) ;   //constructor called explicity
    cout << ‘‘\n OBJECT 1’’ << ‘‘\n’’ ;
    int 1. display ( ) ;
    cout << ‘‘\’’ OBJECT 2’’ << ‘‘\n’’ ;
    int2 display ( ) ;
    return 0 ;
}
```

3.8 ਓਵਰਲੋਡਿਡ ਕੰਸਟਰਕਟਰ :

ਜਦੋਂ ਇਕ ਤੋਂ ਜ਼ਿਆਦਾ ਕੰਸਟਰਕਟਰ ਫੰਕਸ਼ਨ, ਇਕ ਕਲਾਸ ਵਿਚ ਪਰਿਭਾਸ਼ਿਤ ਕੀਤੇ ਜਾਂਦੇ ਹਨ ਤਾਂ ਉਸ ਨੂੰ ਓਵਰਲੋਡਿਡ ਕੰਸਟਰਕਟਰ ਕਹਿੰਦੇ ਹਨ।

```
# include < iostream >
using namespace std ;


class complex
{
    float x, y ;
public :
    complex( ) & }
    complex (float a) {x = y = a; }
    complex (float real, float imag)
    {x = real ; y = imag ; }
friend complex sum (complex, complex) ;
    friend void show (complex) ;
};
complex sum (complex C1, complex C2)
{
    complex C3 ;
    C3.x = C1.x + C2.x ;
    C3.y = C1.y + C2.y ;
    return (C3) ;
}
void show (complex C)
{
   cout << C.x << ''+ j'' << C.y << ''\n'' ;
}
int main ( )
{
    complex A (2.7, 3.5) ;
    complex B (1, 6) ;
    complex C ;
    C = Sum (A, B) ;
    cout << ''A = ''; Show (A) ;
    cout << ''B = '' ; Show (B) ;
    cout << ''C = '' ; Show (C) ;
    return 0;
}
```

3.9 ਕਾਪੀ ਕੰਸਟਰਕਟਰ (Copy Constructor)

ਇਕ ਕਾਪੀ ਕੰਸਟਰਕਟਰ ਇਕ ਆਬਜੈਕਟ ਨੂੰ ਦੂਸਰੇ ਆਬਜੈਕਟ ਤੋਂ ਇਨੀਸ਼ਿਲਾਈਜ਼ (initialize) ਅਤੇ ਡਿਕਲੇਅਰ ਕਰਨ ਲਈ ਵਰਤਿਆ ਜਾਂਦਾ ਹੈ।

ਮਿਸਾਲ : integer I2 (I1) ;

ਇਹ I2 ਆਬਜੈਕਟ (Object) ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਇਕੋ ਹੀ ਸਮੇਂ ਵਿਚ I2 ਦੀਆਂ ਕੀਮਤਾਂ I1 ਦੀਆਂ ਬਣ ਜਾਂਦੀਆਂ ਹਨ।

ਕਾਪੀ ਕੰਸਟਰਕਟਰ ਦੇ ਦੁਆਰਾ Initialize ਕਰਨ ਦੀ ਪ੍ਰਕਿਰਿਆ ਨੂੰ COPY ਇਨਿਸ਼ਲਾਈਜੇਸ਼ਨ ਕਹਿੰਦੇ ਹਨ।

3.10 Desctructor

ਜਿਵੇਂ ਕਿ ਨਾਮ ਤੋਂ ਹੀ ਪਤਾ ਚੱਲਦਾ ਹੈ ਕਿ ਜੋ ਆਬਜੈਕਟ constructor ਦੇ ਦੁਆਰਾ ਬਣਾਏ ਜਾਂਦੇ ਹਨ, ਇਹ ਉਹਨਾਂ ਨੂੰ ਨਸ਼ਟ ਕਰਨ ਦੇ ਕੰਮ ਆਉਂਦਾ ਹੈ।

ਕੰਸਟਰਕਟਰ ਦੀ ਤਰ੍ਹਾਂ ਡਿਸਟਰਕਟਰ ਵੀ ਇਕ ਮੈਂਬਰ ਫੰਕਸ਼ਨ ਹੁੰਦਾ ਹੈ ਜਿਸ ਦਾ ਨਾਮ ਉਹੀ ਹੈ ਜੋ ਕਲਾਸ ਦਾ ਹੈ, ਪਰ ਇਸ ਦੇ ਨਾ ਅੱਗੇ (~) Tilde ਦਾ ਚਿੰਨ੍ਹ ਲੱਗਿਆ ਹੁੰਦਾ ਹੈ।

ਇਕ Destructor ਨਾ ਹੀ ਕੋਈ ਆਰਗੂ ਲੈਂਦਾ ਹੈ ਨਾ ਹੀ ਕੋਈ ਕੀਮਤ ਰਿਟਰਨ (Return) ਕਰਦਾ ਹੈ।

ਜਦੋਂ ਅਸੀਂ ਪ੍ਰੋਗਰਾਮ ਤੋਂ ਬਾਹਰ ਆਉਂਦੇ ਹਨ ਤਾਂ ਕੰਪਾਇਲਰ ਇਸ ਨੂੰ ਆਪਣੇ ਆਪ ਹੀ ਬੁਲਾ ਲੈਂਦਾ ਹੈ ਤਾਂਕਿ ਇਹ ਫੰਕਸ਼ਨ ਆ ਕੇ ਉਸ ਮੈਮਰੀ ਸਪੇਸ ਨੂੰ ਸਾਫ ਕਰੇ ਜੋ ਵਰਤੋਂ ਵਿਚ ਨਹੀਂ ਆ ਰਿਹਾ।

3.11 C++ this Pointer

C++ ਵਿਚ ਹਰ ਇਕ ਆਬਜੈਕਟ ਆਪਣੇ ਪਤੇ (address) ਨੂੰ ਅਸੈਸ ਕਰਨ ਲਈ ਇਕ ਖ਼ਾਸ ਪੁਆਇੰਟਰ (this pointer) ਦੀ ਵਰਤੋਂ ਕਰਦੇ ਹਨ। this pointer ਸਾਰੇ member functions ਲਈ ਇਕ Implicit Parameter ਹੈ।
friend functions ਦਾ this pointer ਨਹੀਂ ਹੁੰਦਾ ਕਿਉਂਕਿ friend class ਦੇ ਮੈਂਬਰ ਨਹੀਂ ਹੁੰਦੇ।

```
# include <iostream.h>
using namespace std;
class Box
{
     public :                    // Constructor definition

          Box (double 1 = 2.0, double b = 2.0, double h = 2.0)
          {
               cout <<‘‘Constructor called.‘‘ << end1;
               length = l ;
               breadth = b ;
               height = h ;
          }
          double Volume ( )
          {
               return length * breadth * height ;
          }
          int compare (Box box)
          {
               return this->Volume ( ) > box.Volume ( ) ;
          }
     private :
          double length;              // Length of a box
          double breadth;             // Breadth of a box
          double height;              // Height of a box
 };
int main (void)
{
     Box Box1 (3.3, 1.2, 1.5) ;      // Declare box1
     Box Box2 (8.5, 6.0, 2.0) ;      // Declare box2
     if (Box1.compare (Box2))
     {
          cout << ‘‘Box2 is smaller than Box1’’ <<end1;
     }
     else
     {
          cout << ‘‘Box2 is equal to or larger than Box1’’ <<end1;
     }
     return 0;
  }
```

3.12 ਐਂਪਟੀ ਕਲਾਸਾਂ (Empty classes)

ਅਸੀਂ ਐਂਪਟੀ ਕਲਾਸਾਂ ਘੋਸ਼ਿਤ ਕਰ ਸਕਦੇ ਹਾਂ ਪਰ ਇਨ੍ਹਾਂ ਕਲਾਸਾਂ ਦੇ ਆਬਜੈੱਕਟ ਦਾ ਸਾਈਜ਼ ਨਾਨ-ਜ਼ੀਰੋ (Non-zero) ਹੁੰਦਾ ਹੈ।
ਮਿਸਾਲ :

Example :

```
// empty_classes.cpp
// compile with : /EHsC
# include <iostream.h>
class NoMembers
{
};
using namespace std ;
int main ( )
{
```

```
    NoMembers n;  // Object of type Nomembers.
    cout << ‘‘The size of an object of empty class is :’’
         << size of n << endl;
}
```

Output

The size of an object of empty class is : 1.

ਇਨ੍ਹਾਂ ਆਬਜੈੱਕਟ ਲਈ ਨਾਨ-ਜੀਰੋ ਸਾਈਜ਼ ਦੀ ਮੈਮਰੀ ਵੰਡੀ ਜਾਂਦੀ ਹੈ। ਇਸ ਕਰਕੇ ਇਨ੍ਹਾਂ ਆਬਜੈੱਕਟ ਦਾ ਮੈਮਰੀ ਵਿਚ ਅਲਗ ਪਤਾ ਹੁੰਦਾ ਹੈ।

3.13 Assignment vs Initialization

ਅਸਾਈਨਮੈਂਟ ਅਤੇ ਇਨੀਸ਼ਿਲਾਈਜੇਸ਼ਨ ਦੋਨੋਂ ਹੀ ਅਲਗ-ਅਲਗ ਓਪਰੇਸ਼ਨ ਹਨ ਅਤੇ ਇਨ੍ਹਾਂ ਦੀ ਵੱਖਰੀ ਯੂਜੇਸ (uses) ਹਨ। ਅਸਾਈਨਮੈਂਟ ਤੇ ਇਨੀਸ਼ਿਲਾਈਜੇਸ਼ਨ ਇਸ ਕਰਕੇ ਵੀ ਵੱਖਰੇ ਹਨ ਕਿਉਂਕਿ ਇਹ ਵੱਖਰੇ ਕੰਨਟੈਕਸਟ (context) ਵਿਚ ਵਰਤੇ ਜਾਂਦੇ ਹਨ ਤੇ ਵੱਖਰੇ-ਵੱਖਰੇ ਕੰਮ ਕਰਦੇ ਹਨ। ਪਰ ਇਨ੍ਹਾਂ ਦੇ ਵਿਚ ਇਹ ਅੰਤਰ ਬਿਲਟ-ਇਨ (Built-in) ਡਾਟਾ ਟਾਈਪ ਜਿਵੇਂ ਕਿ int on double ਵਿਚ ਲਾਗੂ ਨਹੀਂ ਹੁੰਦਾ। ਕਿਉਂਕਿ ਇਹ ਦੋਨੋਂ ਉਪਰੇਸ਼ਨ ਇਸ ਕੇਸ ਵਿਚ ਸਿਰਫ਼ ਕੁਝ ਬਿਟਸ (bits) ਨੂੰ ਹੀ ਕਾਪੀ ਕਰਦੇ ਹਨ।

```
int a = 12;          //initialization, copy 0 × 000c to a
a = 12 ;             //assignment, copy 0 × 000c to a
```

ਯੂਜਰ ਡਿਫਾਈਨਡ (user-defined) ਡਾਟਾ ਟਾਈਪ ਦੇ ਕੇਸ ਵਿਚ ਇਹ ਅਲੱਗ ਤਰੀਕੇ ਨਾਲ ਹੁੰਦਾ ਹੈ ਜੋ ਹੇਠਾਂ ਦਿੱਤੀ ਮਿਸਾਲ ਨਾਲ ਸਮਝਾਇਆ ਗਿਆ ਹੈ—

```
class string {
    public :
